




ਸੱਚੀ ਅਤੇ ਨਿਰਪੱਖ ਵਿਚਾਰਧਾਰਾ

CEE7NEWS

Daily Digital Edition








Reg No: AAG1353 | Ludhiana, Sunday 22 February, 2026 | website: www.cee7news.com


## 12ਵੀਂ ਜਮਾਤ ਦੀ ਕੈਮਿਸਟਰੀ (ਰਸਾਇਣ ਵਿਗਿਆਨ) ਦਾ ਪ੍ਰਸ਼ਨ ਪੱਤਰ ਪ੍ਰੀਖਿਆ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਵਾਇਰਲ



12ਵੀਂ ਜਮਾਤ ਦੀ ਕੈਮਿਸਟਰੀ (ਰਸਾਇਣ ਵਿਗਿਆਨ) ਦਾ ਪ੍ਰਸ਼ਨ ਪੱਤਰ ਪ੍ਰੀਖਿਆ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਦੀ ਖਬਰ ਨੇ ਵਿਦਿਆਰਥੀਆਂ, ਮਾਪਿਆਂ ਅਤੇ ਸਿੱਖਿਆ ਵਿਭਾਗ ਨੂੰ ਚਿੰਤਤ ਕਰ ਦਿੱਤਾ ਹੈ। ਇਹ ਘਟਨਾ ਮਹਾਰਾਸ਼ਟਰ ਰਾਜ ਵਿੱਚ ਨਾਗਪੁਰ ਸ਼ਹਿਰ ਵਿੱਚ ਵਾਪਰੀ ਹੈ, ਜਿੱਥੇ ਮਹਾਰਾਸ਼ਟਰ ਸਟੇਟ ਬੋਰਡ ਆਫ ਸੈਕੰਡਰੀ ਐਂਡ ਹਾਈਅਰ ਸੈਕੰਡਰੀ ਐਜੂਕੇਸ਼ਨ (MSBSHSE) ਵੱਲੋਂ ਲਈ ਜਾ ਰਹੀ 12ਵੀਂ ਜਮਾਤ ਦੀ ਕੈਮਿਸਟਰੀ ਪ੍ਰੀਖਿਆ ਦੌਰਾਨ ਇਹ ਮਾਮਲਾ ਸਾਹਮਣੇ ਆਇਆ। ਪੰਜਾਬੀ ਟ੍ਰਿਬਿਊਨ ਅਖਬਾਰ ਵਿੱਚ ਛਪੀ ਇਸ ਖਬਰ ਅਨੁਸਾਰ, ਬੁੱਧਵਾਰ ਨੂੰ ਇੱਕ ਹਾਈ ਸਕੂਲ ਪ੍ਰੀਖਿਆ ਕੇਂਦਰ ਵਿੱਚ ਇੱਕ ਵਿਦਿਆਰਥੀ ਨੂੰ ਵਾਰ-ਵਾਰ ਵਾਸ਼ਰੂਮ ਜਾਂਦੇ ਵੇਖ ਕੇ ਨਿਗਰਾਨਾਂ (ਇਨਵਿਜੀਲੇਟਰਾਂ) ਨੂੰ ਸ਼ੱਕ ਹੋਇਆ। ਉਨ੍ਹਾਂ ਨੇ ਉਸ ਵਿਦਿਆਰਥੀ ਦਾ ਸਮਾਰਟਫੋਨ ਜ਼ਬਤ ਕੀਤਾ ਅਤੇ ਜਾਂਚ ਕਰਨ 'ਤੇ ਪਤਾ ਲੱਗਾ ਕਿ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਹੀ ਇੱਕ ਵਟਸਐਪ ਗਰੁੱਪ ਵਿੱਚ ਪੂਰਾ ਪ੍ਰਸ਼ਨ ਪੱਤਰ ਸਾਂਝਾ ਕੀਤਾ ਗਿਆ ਸੀ, ਨਾਲ ਹੀ ਸੰਭਾਵਿਤ ਜਵਾਬ ਵੀ ਦਿੱਤੇ ਗਏ ਸਨ। ਇਸ ਵਿਦਿਆਰਥੀ ਦੇ ਬਿਆਨ ਅਨੁਸਾਰ ਹੋਰ ਵਿਦਿਆਰਥੀਆਂ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਮੁੱਢਲੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਇੱਕ ਪ੍ਰਾਈਵੇਟ ਕੋਚਿੰਗ ਸੈਂਟਰ ਨਾਲ ਜੁੜੇ ਵਿਅਕਤੀ ਨੇ ਪੈਸਿਆਂ ਦੇ ਬਦਲੇ ਇਹ ਪੇਪਰ ਲੀਕ ਕੀਤਾ ਜਾਂ ਸਾਂਝਾ ਕੀਤਾ। ਇਸ ਮਾਮਲੇ ਵਿੱਚ ਸਦਰ ਪੁਲੀਸ ਸਟੇਸ਼ਨ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਪੁਲੀਸ ਜਾਂਚ ਜਾਰੀ ਹੈ।

ਇਹ ਘਟਨਾ ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਪੇਪਰ ਲੀਕ ਜਾਂ ਵਾਇਰਲ ਹੋਣ ਦੀਆਂ ਵਧਦੀਆਂ ਘਟਨਾਵਾਂ ਦਾ ਇੱਕ ਹਾਲੀਆ ਉਦਾਹਰਣ ਹੈ। ਕਲਾਸ 12 ਦੀ ਕੈਮਿਸਟਰੀ ਪ੍ਰੀਖਿਆ ਬਹੁਤ ਮਹੱਤਵਪੂਰਨ ਹੁੰਦੀ ਹੈ ਕਿਉਂਕਿ ਇਹ ਵਿਦਿਆਰਥੀਆਂ ਦੇ ਕਰੀਅਰ ਨੂੰ ਪ੍ਰਭਾਵਿਤ ਕਰਦੀ ਹੈ। ਇਸ ਵਿੱਚ ਆਰਗੈਨਿਕ ਕੈਮਿਸਟਰੀ (ਜਿਵੇਂ ਕਾਰਬਨਿਕ ਯੌਗਿਕਾਂ ਦੀਆਂ ਪ੍ਰਤੀਕਿਰਿਆਵਾਂ, ਨੇਮਿੰਗ, ਆਈਸੋਮਰਿਜ਼ਮ), ਇਨਆਰਗੈਨਿਕ ਕੈਮਿਸਟਰੀ (ਤੱਤਾਂ ਦੇ ਗਰੁੱਪ, ਕੋਆਰਡੀਨੇਸ਼ਨ ਕੰਪਾਊਂਡਸ), ਫਿਜ਼ੀਕਲ ਕੈਮਿਸਟਰੀ (ਥਰਮੋਡਾਇਨੈਮਿਕਸ, ਇਲੈਕਟ੍ਰੋਕੈਮਿਸਟਰੀ, ਕਾਈਨੈਟਿਕਸ) ਅਤੇ ਬਾਇਓਕੈਮਿਸਟਰੀ ਵਰਗੇ ਵਿਸ਼ੇ ਸ਼ਾਮਲ ਹੁੰਦੇ ਹਨ। ਇਹ ਸਬਜੈਕਟ ਮੈਡੀਕਲ (NEET), ਇੰਜੀਨੀਅਰਿੰਗ (JEE), ਫਾਰਮੇਸੀ ਜਾਂ ਪਿਓਰ ਸਾਇੰਸ ਕੋਰਸਾਂ ਲਈ ਬੇਸ ਹੁੰਦਾ ਹੈ। ਜੇ ਪੇਪਰ ਵਾਇਰਲ ਹੋ ਜਾਵੇ ਤਾਂ ਇਮਾਨਦਾਰ ਵਿਦਿਆਰਥੀਆਂ ਨੂੰ ਨੁਕਸਾਨ ਹੁੰਦਾ ਹੈ ਅਤੇ ਪੂਰੀ ਪ੍ਰੀਖਿਆ ਪ੍ਰਕਿਰਿਆ ਦੀ ਵਿਸ਼ਵਸਨੀਯਤਾ 'ਤੇ ਸਵਾਲ ਉੱਠਦੇ ਹਨ।

**Cee7 NEWS** ਖਾਸ ਤੌਰ 'ਤੇ ਲਾਲ ਕਿਲ੍ਹੇ ਅਤੇ ਚਾਂਦਨੀ ਚੌਕ ਦੇ ਆਲੇ-ਦੁਆਲੇ ਸੁਰੱਖਿਆ ਨੂੰ ਸਖ਼ਤ ਕੀਤਾ ਗਿਆ ਹੈ

# ਦਿੱਲੀ ਵਿੱਚ ਧਾਰਮਿਕ ਸਥਾਨਾਂ 'ਤੇ ਅੱਤਵਾਦੀ ਹਮਲੇ ਦੀ ਚੇਤਾਵਨੀ ਮਿਲਣ ਤੋਂ ਬਾਅਦ ਸੁਰੱਖਿਆ ਵਧਾ ਦਿੱਤੀ ਗਈ ਹੈ।

ਦਿੱਲੀ ਵਿੱਚ ਧਾਰਮਿਕ ਸਥਾਨਾਂ 'ਤੇ ਅੱਤਵਾਦੀ ਹਮਲੇ ਦੀ ਚੇਤਾਵਨੀ ਮਿਲਣ ਤੋਂ ਬਾਅਦ ਸੁਰੱਖਿਆ ਵਧਾ ਦਿੱਤੀ ਗਈ ਹੈ। ਖਾਸ ਤੌਰ 'ਤੇ ਲਾਲ ਕਿਲ੍ਹੇ ਅਤੇ ਚਾਂਦਨੀ ਚੌਕ ਦੇ ਆਲੇ-ਦੁਆਲੇ ਸੁਰੱਖਿਆ ਨੂੰ ਸਖ਼ਤ ਕੀਤਾ ਗਿਆ ਹੈ। ਕੇਂਦਰੀ ਖੁਫੀਆ ਏਜੰਸੀਆਂ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਪਾਕਿਸਤਾਨ ਅਧਾਰਤ ਅੱਤਵਾਦੀ ਸੰਗਠਨ ਲਸ਼ਕਰ-ਏ-ਤਾਇਬਾ (LeT) ਭਾਰਤ ਦੇ ਪ੍ਰਮੁੱਖ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਰਚ ਰਿਹਾ ਹੈ। ਇਹ ਚੇਤਾਵਨੀ ਬਹੁਤ ਗੰਭੀਰ ਮੰਨੀ ਜਾ ਰਹੀ ਹੈ ਕਿਉਂਕਿ ਇਸ ਵਿੱਚ ਚਾਂਦਨੀ ਚੌਕ ਦੇ ਇੱਕ ਪੁਰਾਣੇ ਮੰਦਰ ਅਤੇ ਲਾਲ ਕਿਲ੍ਹੇ ਦੇ ਨੇੜੇ IED (ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ) ਧਮਾਕੇ ਦੀ ਸੰਭਾਵਨਾ ਜਤਾਈ ਗਈ ਹੈ।

ਇਹ ਖ਼ਬਰ 21 ਫਰਵਰੀ 2026 ਨੂੰ ਸਾਹਮਣੇ ਆਈ ਹੈ ਅਤੇ ਇਸ ਨੇ ਪੂਰੇ ਦੇਸ਼ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ। ਦਿੱਲੀ ਪੁਲੀਸ ਅਤੇ ਹੋਰ ਸੁਰੱਖਿਆ ਏਜੰਸੀਆਂ ਨੇ ਤੁਰੰਤ ਕਾਰਵਾਈ ਕਰਦੇ ਹੋਏ ਇਨ੍ਹਾਂ ਥਾਵਾਂ 'ਤੇ ਵਾਧੂ ਜਵਾਨ ਤਾਇਨਾਤ ਕਰ ਦਿੱਤੇ ਹਨ। ਸੀਸੀਟੀਵੀ ਕੈਮਰੇ ਵਧਾ ਦਿੱਤੇ ਗਏ ਹਨ, ਵਾਹਨਾਂ ਦੀ ਸਖ਼ਤ ਜਾਂਚ ਕੀਤੀ ਜਾ ਰਹੀ ਹੈ ਅਤੇ ਬੰਬ ਨਿਰੋਧਕ ਦਸਤੇ ਨੂੰ ਅਲਰਟ 'ਤੇ ਰੱਖਿਆ ਗਿਆ ਹੈ। ਕਵਿੱਕ ਰਿਐਕਸ਼ਨ ਟੀਮਾਂ (QRT) ਵੀ ਤਿਆਰ ਰੱਖੀਆਂ ਗਈਆਂ ਹਨ ਤਾਂ ਜੋ ਕਿਸੇ ਵੀ ਐਮਰਜੈਂਸੀ ਵਿੱਚ ਤੁਰੰਤ ਜਵਾਬ ਦਿੱਤਾ ਜਾ ਸਕੇ।

ਇਹ ਅਲਰਟ ਇਸ ਲਈ ਵੀ ਵਧੇਰੇ ਚਿੰਤਾਜਨਕ ਹੈ ਕਿਉਂਕਿ ਪਿਛਲੇ ਸਾਲ ਨਵੰਬਰ ਵਿੱਚ ਲਾਲ ਕਿਲ੍ਹੇ ਦੇ ਨੇੜੇ ਇੱਕ ਕਾਰ ਬੰਬ ਧਮਾਕੇ ਵਿੱਚ 13 ਲੋਕਾਂ ਦੀ ਮੌਤ ਹੋ ਗਈ ਸੀ। ਉਸ ਘਟਨਾ ਤੋਂ ਬਾਅਦ ਸੁਰੱਖਿਆ ਏਜੰਸੀਆਂ ਬਹੁਤ ਸਾਵਧਾਨ ਹਨ ਅਤੇ ਹੁਣ ਕੋਈ ਵੀ ਖਤਰਾ ਨਜ਼ਰਅੰਦਾਜ਼ ਨਹੀਂ ਕਰਨਾ ਚਾਹੁੰਦੀਆਂ। ਖੁਫੀਆ ਜਾਣਕਾਰੀ ਮੁਤਾਬਕ ਲਸ਼ਕਰ-ਏ-ਤਾਇਬਾ ਇਸ ਹਮਲੇ ਨੂੰ ਪਾਕਿਸਤਾਨ ਵਿੱਚ 6 ਫਰਵਰੀ ਨੂੰ ਇੱਕ ਮਸਜਿਦ 'ਤੇ ਹੋਏ ਧਮਾਕੇ ਦੇ ਬਦਲੇ ਵਜੋਂ ਵੇਖ ਰਿਹਾ ਹੈ, ਜਿਸ ਵਿੱਚ ਕਈ ਲੋਕ ਮਾਰੇ ਗਏ ਸਨ। ਹਾਲਾਂਕਿ ਉਸ ਧਮਾਕੇ ਦੀ ਜ਼ਿੰਮੇਵਾਰੀ ISIS ਨੇ ਲਈ ਸੀ ਪਰ ਕੁਝ ਸੂਤਰਾਂ ਅਨੁਸਾਰ ਇਹ ਚੱਕਰ ਵਧੇਰੇ ਵਿਸ਼ਾਲ ਹੋ ਸਕਦਾ ਹੈ।

ਦਿੱਲੀ ਪੁਲੀਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਘਬਰਾਉਣ ਨਾ ਪਰ ਕਿਸੇ ਵੀ ਸ਼ੱਕੀ ਵਸਤੂ, ਵਿਅਕਤੀ ਜਾਂ ਗਤੀਵਿਧੀ ਨੂੰ ਤੁਰੰਤ ਨਜ਼ਰਅੰਦਾਜ਼ ਨਾ ਕਰਨ। ਉਹ ਹੈਲਪਲਾਈਨ ਨੰਬਰ ਜਾਂ ਨੇੜਲੇ ਥਾਣੇ ਵਿੱਚ ਸੂਚਨਾ ਦੇ ਸਕਦੇ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਸਭ ਸਾਵਧਾਨੀ ਵਜੋਂ ਕੀਤਾ ਜਾ ਰਿਹਾ ਹੈ ਅਤੇ ਜਨਤਾ ਨੂੰ ਆਪਣੇ ਰੋਜ਼ਾਨਾ ਕੰਮਾਂ ਵਿੱਚ ਵਿਘਨ ਨਾ ਪਾਉਣਾ ਚਾਹੀਦਾ। ਪਰ ਫਿਰ ਵੀ ਧਾਰਮਿਕ ਸਥਾਨਾਂ, ਬਾਜ਼ਾਰਾਂ ਅਤੇ ਸੈਲਾਨੀ ਥਾਵਾਂ 'ਤੇ ਵਧੇਰੇ ਸਾਵਧਾਨੀ ਬਰਤਣੀ ਚਾਹੀਦੀ ਹੈ।

ਲਾਲ ਕਿਲ੍ਹਾ ਅਤੇ ਚਾਂਦਨੀ ਚੌਕ ਦਿੱਲੀ ਦੇ ਸਭ ਤੋਂ ਵਿਅਸਤ ਅਤੇ ਇਤਿਹਾਸਕ ਖੇਤਰ ਹਨ। ਇੱਥੇ ਹਰ ਰੋਜ਼ ਹਜ਼ਾਰਾਂ ਲੋਕ ਆਉਂਦੇ ਹਨ, ਖਰੀਦਦਾਰੀ ਕਰਦੇ ਹਨ ਅਤੇ ਧਾਰਮਿਕ ਰਸਮਾਂ ਅਦਾ ਕਰਦੇ ਹਨ। ਇਸ ਲਈ ਇਹ ਥਾਵਾਂ



ਅੱਤਵਾਦੀਆਂ ਲਈ ਵੱਡੇ ਨਿਸ਼ਾਨੇ ਬਣ ਸਕਦੇ ਹਨ ਕਿਉਂਕਿ ਇੱਥੇ ਵੱਡੀ ਭੀੜ ਹੁੰਦੀ ਹੈ ਅਤੇ ਧਮਾਕੇ ਨਾਲ ਵੱਡਾ ਨੁਕਸਾਨ ਹੋ ਸਕਦਾ ਹੈ। ਸੁਰੱਖਿਆ ਏਜੰਸੀਆਂ ਨੇ ਇਨ੍ਹਾਂ ਖੇਤਰਾਂ ਵਿੱਚ ਪੈਟਰੋਲਿੰਗ ਵਧਾ ਦਿੱਤੀ ਹੈ ਅਤੇ ਸਨਿਫਰ ਕੁੱਤਿਆਂ ਨਾਲ ਵੀ ਜਾਂਚ ਕੀਤੀ ਜਾ ਰਹੀ ਹੈ।ਲਾਲ ਕਿਲ੍ਹਾ ਅਤੇ ਚਾਂਦਨੀ ਚੌਕ ਦਿੱਲੀ ਦੇ ਸਭ ਤੋਂ ਵਿਅਸਤ ਅਤੇ ਇਤਿਹਾਸਕ ਖੇਤਰ ਹਨ। ਇੱਥੇ ਹਰ ਰੋਜ਼ ਹਜ਼ਾਰਾਂ ਲੋਕ ਆਉਂਦੇ ਹਨ, ਖਰੀਦਦਾਰੀ ਕਰਦੇ ਹਨ ਅਤੇ ਧਾਰਮਿਕ ਰਸਮਾਂ ਅਦਾ ਕਰਦੇ ਹਨ। ਇਸ ਲਈ ਇਹ ਥਾਵਾਂ ਅੱਤਵਾਦੀਆਂ ਲਈ ਵੱਡੇ ਨਿਸ਼ਾਨੇ ਬਣ ਸਕਦੇ ਹਨ ਕਿਉਂਕਿ ਇੱਥੇ ਵੱਡੀ ਭੀੜ ਹੁੰਦੀ ਹੈ ਅਤੇ ਧਮਾਕੇ ਨਾਲ ਵੱਡਾ ਨੁਕਸਾਨ ਹੋ ਸਕਦਾ ਹੈ। ਸੁਰੱਖਿਆ ਏਜੰਸੀਆਂ ਨੇ ਇਨ੍ਹਾਂ ਖੇਤਰਾਂ ਵਿੱਚ ਪੈਟਰੋਲਿੰਗ ਵਧਾ ਦਿੱਤੀ ਹੈ ਅਤੇ ਸਨਿਫਰ ਕੁੱਤਿਆਂ ਨਾਲ ਵੀ ਜਾਂਚ ਕੀਤੀ ਜਾ ਰਹੀ ਹੈ।

ਇਹ ਘਟਨਾ ਦੇਸ਼ ਦੀ ਸੁਰੱਖਿਆ ਲਈ ਚੁਣੌਤੀ ਹੈ। ਅੱਤਵਾਦ ਵਿਰੋਧੀ ਏਜੰਸੀਆਂ ਜਿਵੇਂ NIA ਅਤੇ ਹੋਰ ਵਿਭਾਗ ਮਿਲ ਕੇ ਜਾਂਚ ਕਰ ਰਹੇ ਹਨ। ਜੇਕਰ ਲੋੜ ਪਈ ਤਾਂ ਹੋਰ ਸੂਬਿਆਂ ਵਿੱਚ ਵੀ ਅਲਰਟ ਜਾਰੀ ਕੀਤਾ ਜਾ ਸਕਦਾ ਹੈ ਕਿਉਂਕਿ ਲਸ਼ਕਰ-ਏ-ਤਾਇਬਾ ਨੇ ਦੇਸ਼ ਭਰ ਦੇ ਮੰਦਰਾਂ ਨੂੰ ਵੀ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਹੈ। ਲੋਕਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਪਰ ਨਿਰਾਸ਼ ਵੀ ਨਹੀਂ ਹੋਣਾ ਚਾਹੀਦਾ। ਸਰਕਾਰ ਅਤੇ ਪੁਲੀਸ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਵਚਨਬੱਧ ਹੈ।

ਇਸ ਤਰ੍ਹਾਂ ਦੀਆਂ ਚੇਤਾਵਨੀਆਂ ਸਮੇਂ-ਸਮੇਂ 'ਤੇ ਆਉਂਦੀਆਂ ਰਹਿੰਦੀਆਂ ਹਨ ਪਰ ਭਾਰਤੀ ਸੁਰੱਖਿਆ ਬਲਾਂ ਦੀ ਤੇਜ਼ੀ ਅਤੇ ਜਾਗਰੂਕਤਾ ਕਾਰਨ ਜ਼ਿਆਦਾਤਰ ਸਾਜ਼ਿਸ਼ਾਂ ਨੂੰ ਨਾਕਾਮ ਕਰ ਦਿੱਤਾ ਜਾਂਦਾ ਹੈ। ਲੋਕ ਵੀ ਆਪਣੀ ਜ਼ਿੰਮੇਵਾਰੀ ਨਿਭਾਉਣ ਅਤੇ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਵਿੱਚ ਸਹਿਯੋਗ ਦੇਣ। (

## ਪੰਜਾਬ ਵਿੱਚ ਮੌਸਮ ਵਿੱਚ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ

### ਕੁਝ ਥਾਵਾਂ 'ਤੇ ਸ਼ਾਮ ਨੂੰ ਠੰਢ ਅਜੇ ਵੀ ਮਹਿਸੂਸ ਹੋ ਰਹੀ ਹੈ



ਪੰਜਾਬ ਵਿੱਚ ਮੌਸਮ ਵਿੱਚ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ। ਸਵੇਰੇ ਅਤੇ ਕੁਝ ਥਾਵਾਂ 'ਤੇ ਸ਼ਾਮ ਨੂੰ ਠੰਢ ਅਜੇ ਵੀ ਮਹਿਸੂਸ ਹੋ ਰਹੀ ਹੈ ਪਰ ਦਿਨ ਵੇਲੇ ਤੇਜ਼ ਧੁੱਪ ਨਿਕਲਣ ਕਾਰਨ ਗਰਮੀ ਦਾ ਅਹਿਸਾਸ ਹੋ ਰਿਹਾ ਹੈ। ਪੰਜਾਬ ਦੇ ਕਈ ਇਲਾਕਿਆਂ ਵਿੱਚ ਸੰਘਣੀ ਧੁੰਦ ਪਈ ਹੋਈ ਹੈ ਜਿਸ ਨਾਲ ਦ੍ਰਿਸ਼ਟੀ ਬਹੁਤ ਘੱਟ ਗਈ ਹੈ। ਅੰਮ੍ਰਿਤਸਰ ਵਿੱਚ ਧੁੰਦ ਇੰਨੀ ਸੰਘਣੀ ਸੀ ਕਿ ਦ੍ਰਿਸ਼ਟੀ 500 ਮੀਟਰ ਤੋਂ ਵੀ ਘੱਟ ਰਹਿ ਗਈ। ਇਸੇ ਤਰ੍ਹਾਂ ਲੁਧਿਆਣਾ ਅਤੇ ਹੋਰ ਸ਼ਹਿਰਾਂ ਵਿੱਚ ਵੀ ਧੁੰਦ ਦਾ ਅਸਰ ਵੇਖਿਆ ਗਿਆ। ਇਹ ਧੁੰਦ ਖਾਸ ਕਰਕੇ ਸਵੇਰੇ ਵੇਲੇ ਜ਼ਿਆਦਾ ਪ੍ਰਭਾਵੀ ਰਹਿੰਦੀ ਹੈ ਅਤੇ ਟਰੈਫਿਕ ਲਈ ਮੁਸੀਬਤ ਬਣ ਜਾਂਦੀ ਹੈ। ਚੰਡੀਗੜ੍ਹ ਮੌਸਮ ਵਿਭਾਗ ਦੇ ਅਨੁਸਾਰ ਅਗਲੇ ਸੱਤ ਦਿਨਾਂ ਤੱਕ ਪੰਜਾਬ ਅਤੇ ਚੰਡੀਗੜ੍ਹ ਵਿੱਚ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ। ਮੌਸਮ ਖੁਸ਼ਕ ਰਹੇਗਾ ਅਤੇ ਤਾਪਮਾਨ ਵਿੱਚ ਹੌਲੀ-ਹੌਲੀ ਵਾਧਾ ਹੋਵੇਗਾ। ਪਿਛਲੇ 24 ਘੰਟਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ 0.9 ਡਿਗਰੀ ਵਧਿਆ ਹੈ ਅਤੇ ਇਹ ਆਮ ਨਾਲੋਂ 3.5 ਡਿਗਰੀ ਜ਼ਿਆਦਾ ਰਿਹਾ। ਫ਼ਰੀਦਕੋਟ ਵਿੱਚ ਸਭ ਤੋਂ ਵੱਧ ਤਾਪਮਾਨ 28.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜੋ ਕਿ ਇਸ ਸਮੇਂ ਲਈ ਕਾਫੀ ਗਰਮ ਮੰਨਿਆ ਜਾ ਰਿਹਾ ਹੈ। ਘੱਟ ਤੋਂ ਘੱਟ ਤਾਪਮਾਨ ਵੀ ਅਗਲੇ ਕੁਝ ਦਿਨਾਂ ਵਿੱਚ 2-3 ਡਿਗਰੀ ਵਧਣ ਦੀ ਉਮੀਦ ਹੈ।ਉੱਤਰ-ਪੱਛਮੀ ਹਵਾਵਾਂ ਚੱਲ ਰਹੀਆਂ ਹਨ ਜਿਸ ਨਾਲ ਦਿਨ ਵੇਲੇ ਤਾਪਮਾਨ ਵਧ ਰਿਹਾ ਹੈ। ਫਰਵਰੀ ਮਹੀਨੇ ਵਿੱਚ ਬਾਰਿਸ਼ ਆਮ ਨਾਲੋਂ 97 ਫੀਸਦੀ ਘੱਟ ਰਹੀ ਹੈ ਜਿਸ ਕਾਰਨ ਮੌਸਮ ਸੁੱਕਾ ਅਤੇ ਗਰਮ ਮਹਿਸੂਸ ਹੋ ਰਿਹਾ ਹੈ। ਲੁਧਿਆਣਾ ਵਿੱਚ ਅੱਜ ਵੱਧ ਤੋਂ ਵੱਧ ਤਾਪਮਾਨ 29 ਡਿਗਰੀ ਦੇ ਆਸ-ਪਾਸ ਅਤੇ ਘੱਟ ਤੋਂ ਘੱਟ 12 ਡਿਗਰੀ ਦੇ ਨੇੜੇ ਰਹਿਣ ਦੀ ਸੰਭਾਵਨਾ ਹੈ।

ਪੰਜਾਬ ਇਸ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਜਨਹਿਤ ਪਟੀਸ਼ਨ (PIL) ਦਾਖਲ ਕੀਤੀ ਗਈ

# ਪੰਜਾਬ ਵਿੱਚ ਪੰਚਾਇਤਾਂ ਨੂੰ ਦਿੱਤੇ ਫੰਡਾਂ ਦੀ ਵਿਜੀਲੈਂਸ ਜਾਂਚ ਦੀ ਮੰਗ ਕਰਦੀ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ।

**ਪੰਜਾਬ** ਪੰਜਾਬ ਵਿੱਚ ਪੰਚਾਇਤਾਂ ਨੂੰ ਦਿੱਤੇ ਫੰਡਾਂ ਦੀ ਵਿਜੀਲੈਂਸ ਜਾਂਚ ਦੀ ਮੰਗ ਕਰਦੀ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ। ਇਹ ਖ਼ਬਰ 21 ਫਰਵਰੀ 2026 ਨੂੰ ਛਪੀ ਹੈ। ਇਸ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਜਨਹਿਤ ਪਟੀਸ਼ਨ (PIL) ਦਾਖਲ ਕੀਤੀ ਗਈ ਹੈ। ਪਟੀਸ਼ਨਕਰਤਾ ਸੰਜੀਵ ਕੁਮਾਰ ਨੇ ਐਡਵੋਕੇਟ ਅਖਿਲ ਡਡਵਾਲ ਰਾਹੀਂ ਇਹ ਪਟੀਸ਼ਨ ਦਾਇਰ ਕੀਤੀ ਹੈ। ਉਹ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਮੁਕੇਰੀਆਂ ਅਧੀਨ ਪਿੰਡ ਮੁਸਾਹਿਬਪੁਰ ਦੇ ਵਾਸੀ ਹਨ।ਪਟੀਸ਼ਨ ਵਿੱਚ ਮੁੱਖ ਤੌਰ 'ਤੇ 14ਵੇਂ ਅਤੇ 15ਵੇਂ ਵਿੱਤ ਕਮਿਸ਼ਨ ਤੋਂ ਮਿਲਣ ਵਾਲੀਆਂ ਗ੍ਰਾਂਟਾਂ ਅਤੇ ਮਨਰੇਗਾ (MGNREGA) ਵਰਗੀਆਂ ਕੇਂਦਰੀ ਪੇਂਡੂ ਵਿਕਾਸ ਸਕੀਮਾਂ ਅਧੀਨ ਪੰਚਾਇਤਾਂ ਨੂੰ ਦਿੱਤੇ ਜਾਣ ਵਾਲੇ ਫੰਡਾਂ ਦੇ ਪ੍ਰਬੰਧਨ ਵਿੱਚ ਵੱਡੀਆਂ ਬੇਨਿਯਮੀਆਂ ਅਤੇ ਪਾਰਦਰਸ਼ਤਾ ਦੀ ਘਾਟ ਦੇ ਦੋਸ਼ ਲਾਏ ਗਏ ਹਨ। ਪਟੀਸ਼ਨਕਰਤਾ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਪੰਚਾਇਤੀ ਫੰਡਾਂ ਦੀ ਕੋਈ ਉਚਿਤ ਨਿਗਰਾਨੀ ਜਾਂ ਨਿਯਮਤ ਆਡਿਟ ਨਹੀਂ ਹੁੰਦਾ। ਇਸ ਕਾਰਨ ਫੰਡਾਂ ਦੀ ਦੁਰਵਰਤੋਂ, ਘਟੀਆ ਕੰਮ ਅਤੇ ਪੇਂਡੂ ਭਾਈਚਾਰਿਆਂ ਨੂੰ ਨੁਕਸਾਨ ਪਹੁੰਚ ਰਿਹਾ ਹੈ। ਇਹ ਸਥਿਤੀ ਪੂਰੇ ਸੂਬੇ ਵਿੱਚ ਵਿਆਪਕ ਹੈ ਅਤੇ ਜਨਤਕ ਪੈਸੇ ਦੀ ਬਰਬਾਦੀ ਨੂੰ



## ਪੰਚਾਇਤਾਂ ਨੂੰ ਦਿੱਤੇ ਫੰਡਾਂ ਦੀ ਵਿਜੀਲੈਂਸ ਜਾਂਚ ਦੀ ਮੰਗ ਕਰਦੀ ਜਨਹਿਤ ਪਟੀਸ਼ਨ ਦਾਇਰ

ਵਧਾਉਂਦੀ ਹੈ। ਸੰਜੀਵ ਕੁਮਾਰ ਨੇ ਆਪਣੇ ਪਿੰਡ ਵਿੱਚ ਹੀ ਇਸ ਮਾਮਲੇ ਨੂੰ ਉਠਾਇਆ। ਉਨ੍ਹਾਂ ਨੇ 25 ਅਕਤੂਬਰ 2024 ਨੂੰ ਗ੍ਰਾਮ ਪੰਚਾਇਤ ਮੁਸਾਹਿਬਪੁਰ ਦੇ ਸਰਪੰਚ ਰਾਹੀਂ ਆਰਟੀਆਈ (RTI) ਅਰਜ਼ੀ ਦਾਇਰ ਕੀਤੀ ਸੀ। ਇਸ ਵਿੱਚ ਉਨ੍ਹਾਂ ਨੇ 15ਵੇਂ ਵਿੱਤ ਕਮਿਸ਼ਨ ਅਧੀਨ ਮਿਲੀ ਗ੍ਰਾਂਟ ਦੀ ਰਕਮ, ਉਸ ਦੇ ਬੈਂਕ ਖਾਤੇ, ਵਾਊਚਰਾਂ ਦੀਆਂ ਕਾਪੀਆਂ, ਖਰਚੇ ਦੇ ਵੇਰਵੇ ਅਤੇ ਕੰਮਾਂ ਦੀ ਜਾਣਕਾਰੀ ਮੰਗੀ ਸੀ। ਪਰ ਨਿਰਧਾਰਤ ਸਮੇਂ ਵਿੱਚ ਕੋਈ ਜਵਾਬ ਨਹੀਂ ਮਿਲਿਆ। ਇਸ ਤੋਂ ਬਾਅਦ ਉਨ੍ਹਾਂ ਨੇ 10 ਦਸੰਬਰ 2024 ਨੂੰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ (BDPO) ਮੁਕੇਰੀਆਂ ਨੂੰ ਪਹਿਲੀ ਅਪੀਲ ਅਤੇ 11 ਦਸੰਬਰ ਨੂੰ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ (DDPO) ਹੁਸ਼ਿਆਰਪੁਰ ਨੂੰ ਦੂਜੀ ਅਪੀਲ ਦਾਇਰ ਕੀਤੀ। ਫਿਰ ਵੀ ਪੂਰੀ ਜਾਣਕਾਰੀ ਨਹੀਂ ਦਿੱਤੀ ਗਈ। ਇਸ ਨਾਲ ਰਿਕਾਰਡਾਂ ਵਿੱਚ ਅੰਤਰ ਅਤੇ ਸੰਭਾਵੀ ਘਪਲੇ ਦੇ ਸੰਕੇਤ ਮਿਲੇ ਹਨ। ਪਟੀਸ਼ਨਕਰਤਾ ਨੇ 20 ਦਸੰਬਰ 2024 ਨੂੰ ਵਿਜੀਲੈਂਸ ਬਿਊਰੋ ਪੰਜਾਬ ਦੇ ਡਾਇਰੈਕਟਰ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਸੀ ਪਰ ਉੱਥੇ ਵੀ ਕੋਈ ਕਾਰਵਾਈ ਨਹੀਂ ਹੋਈ। ਇਸ ਕਾਰਨ ਉਨ੍ਹਾਂ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਦਿੱਤੀ। ਉਹ ਰਿੱਟ ਆਫ ਮੈਂਡਾਮਸ ਜਾਰੀ ਕਰਨ ਦੀ ਮੰਗ ਕਰ ਰਹੇ ਹਨ। ਇਸ ਰਾਹੀਂ ਪੰਜਾਬ ਸਰਕਾਰ ਅਤੇ ਵਿਜੀਲੈਂਸ ਬਿਊਰੋ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਹ ਪਟੀਸ਼ਨਕਰਤਾ ਦੇ ਪਿੰਡ ਤੋਂ ਸ਼ੁਰੂ ਕਰਕੇ ਫੰਡਾਂ ਦੀ ਵਰਤੋਂ ਦੀ ਸਮਾਂਬੱਧ ਜਾਂਚ ਕਰਨ ਅਤੇ ਅਦਾਲਤ ਨੂੰ ਰਿਪੋਰਟ ਸੌਂਪਣ। ਨਾਲ ਹੀ ਆਰਟੀਆਈ ਦੀ ਪਾਲਣਾ ਕਰਕੇ ਬਕਾਇਆ ਜਾਣਕਾਰੀ ਦੇਣ ਅਤੇ ਪੂਰੇ ਸੂਬੇ ਵਿੱਚ ਪੰਚਾਇਤੀ ਫੰਡਾਂ ਲਈ ਨਿਯਮਤ ਆਡਿਟ ਅਤੇ ਪਾਰਦਰਸ਼ਤਾ ਵਾਲੇ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ।ਇਹ ਮਾਮਲਾ ਪੰਜਾਬ ਵਿੱਚ ਪੇਂਡੂ ਵਿਕਾਸ ਫੰਡਾਂ ਦੀ ਸਹੀ ਵਰਤੋਂ ਅਤੇ ਜਵਾਬਦੇਹੀ ਨਾਲ ਜੁੜਿਆ ਹੋਇਆ ਹੈ। ਪੰਚਾਇਤਾਂ ਨੂੰ ਵੱਡੀ ਰਕਮ ਕੇਂਦਰ ਅਤੇ ਸੂਬਾ ਸਰਕਾਰ ਤੋਂ ਮਿਲਦੀ ਹੈ ਪਰ ਜੇਕਰ ਇਸ ਦੀ ਨਿਗਰਾਨੀ ਨਹੀਂ ਹੁੰਦੀ ਤਾਂ ਭ੍ਰਿਸ਼ਟਾਚਾਰ ਵਧਦਾ ਹੈ ਅਤੇ ਅਸਲ ਲਾਭ ਪੇਂਡੂ ਲੋਕਾਂ ਤੱਕ ਨਹੀਂ ਪਹੁੰਚਦਾ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਹ ਸਥਿਤੀ ਜਨਤਕ ਵਿਸ਼ਵਾਸ ਨੂੰ ਠੇਸ ਪਹੁੰਚਾਉਂਦੀ ਹੈ ਅਤੇ ਸਰੋਤਾਂ ਦੀ ਬਰਬਾਦੀ ਕਰਦੀ ਹੈ। ਹਾਈ ਕੋਰਟ ਵਿੱਚ ਇਸ ਪਟੀਸ਼ਨ 'ਤੇ ਜਲਦੀ ਸੁਣਵਾਈ ਹੋਣ ਦੀ ਸੰਭਾਵਨਾ ਹੈ ਅਤੇ ਇਹ ਪੂਰੇ ਸੂਬੇ ਲਈ ਮਹੱਤਵਪੂਰਨ ਹੋ ਸਕਦੀ ਹੈ।

# ਫ਼ਸਲ ਬੀਮਾ ਯੋਜਨਾ ਦੇਸ਼ ਦੇ ਕਿਸਾਨਾਂ ਨਾਲ ਇਕ ਵੱਡਾ ਧੋਖਾ। (ਡਾ: ਅਜੀਤਪਾਲ ਸਿੰਘ ਐਮ ਡੀ।)



ਸਾਡੇ ਦੇਸ਼ ਦੇ ਕਿਸਾਨ ਅੱਜ ਆਪਣੇ ਖੇਤਾਂ ਤੋਂ ਜਿੰਨੀ ਪੈਦਾਵਾਰ ਲੈ ਰਹੇ ਹਨ ਉਸ ਦੀ ਬੀਤੇ ਸਮੇਂ ਵਿੱਚ ਕੋਈ ਮਿਸਾਲ ਨਹੀਂ ਮਿਲਦੀ। ਕਿਸੇ ਵੀ ਫ਼ਸਲ ਦੀ ਪੈਦਾਵਾਰ ਹੁਣ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਹੈ ਪਰ ਅੱਜ ਦੇ ਕਿਸਾਨ ਨੂੰ ਜਿੰਨੀ ਵੱਡੀ ਪੱਧਰ ਤੇ ਜਿੰਨੇ ਵੱਧ ਤਰੀਕਿਆਂ ਨਾਕ ਲੁੱਟਿਆ ਜਾ ਰਿਹਾ ਹੈ,ਉਸ ਦੀ ਵੀ ਕੋਈ ਹੱਦ ਨਹੀਂ ਰਹੀ।ਸਰਕਾਰਾਂ ਅਤੇ ਕਾਰਪੋਰੇਟ ਕੰਪਨੀਆਂ ਦੀ ਇਹ ਲੁੱਟ ਅੰਗਰੇਜ਼ਾਂ ਦੀ ਲੁੱਟ ਨੂੰ ਵੀ ਬਹੁਤ ਪਿੱਛੇ ਛੱਡ ਚੁੱਕੀ ਹੈ।ਕਿਸਾਨ ਦੀ ਹਾਲਤ ਅੱਜ ਅਜਿਹੇ ਥੱਕੇ ਟੁੱਟੇ ਤੇ ਬੀਮਾਰ ਆਦਮੀ ਵਰਗੀ ਹੋ ਗਈ ਹੈ ਜੋ ਖਾਦਾਂ ਤਾਂ ਖੂਬ ਹੈ ਪਰ ਉਸਦੀ ਦੇਹ ਤੇ ਚਿਪਕੀਆਂ ਜੋਕਾਂ ਸਭ ਕੁਝ ਨਚੋੜ ਲੈਂਦੀਆਂ ਹਨ। ਫਸਲ ਬੀਮਾ ਯੋਜਨਾ ਵੀ ਇੱਕ ਅਜਿਹੀ ਨਵੀਂ ਜੋਕ ਹੈ।

ਸਰਕਾਰ ਨੇ ਖੇਤੀ ਅਤੇ ਕਿਸਾਨਾਂ ਦੇ ਵਿਕਾਸ ਦੇ ਨਾਂ ਤੇ ਜਬਰੀ ਫਸਲ ਬੀਮਾ ਕਰ ਦਿੱਤਾ ਹੈ।ਦੇਸੀ ਵਿਦੇਸ਼ੀ ਕੰਪਨੀਆਂ ਦੇ ਜ਼ਰੀਏ ਵਿਕਾਸ ਦਾ ਦਾਅਵਾ ਕਰਨ ਵਾਲੀ ਭਾਜਪਾ ਸਰਕਾਰ ਨੇ ਕਿਸਾਨਾਂ ਦੇ ਵਿਕਾਸ ਦਾ ਠੇਕਾ ਬੀਮਾ ਕੰਪਨੀਆਂ ਨੂੰ ਸੌਂਪ ਦਿੱਤਾ ਹੈ।ਕੇਂਦਰੀ ਬਜਟ 2015-16 ਦੇ ਆਉਣ ਤੋਂ ਪਹਿਲਾਂ ਹੀ ਸਰਕਾਰ ਨੇ ਇੱਕ ਨਵੀਂ ਫਸਲ ਬੀਮਾ ਯੋਜਨਾ "ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ" ਦਾ ਐਲਾਨ ਕੀਤਾ ਸੀ।ਸਰਕਾਰ ਨੇ ਇਸ ਨੂੰ ਇੱਕ ਸਭ ਤੋਂ ਵੱਡੀ ਤੇ ਅੱਛੀ ਯੋਜਨਾ ਦੇ ਰੂਪ ਵਿੱਚ ਪੇਸ਼ ਕੀਤਾ ਸੀ ਤੇ ਦਾਅਵਾ ਕੀਤਾ ਸੀ ਕਿ ਇਸ ਨਾਲ ਕਿਸਾਨ ਆਤਮ ਹੱਤਿਆ ਤੇ ਰੋਕ ਲੱਗ ਜਾਵੇਗੀ ਅਤੇ ਗਰੀਬ ਕਿਸਾਨਾਂ ਦਾ ਕਲਿਆਣ ਹੋਵੇਗਾ। ਬੇਸ਼ਕ ਕਿਸਾਨਾਂ ਨੂੰ ਰਾਹਤ ਦੇਣੀ ਤੇ ਉਸ ਦੀ ਮਦਦ ਕਰਨੀ ਜ਼ਰੂਰੀ ਹੈ ਪਰ ਕਿਸਾਨ ਬਹੁਤ ਜ਼ਿਆਦਾ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਇੱਕ ਪਾਸੇ ਉਨ੍ਹਾਂ ਇਸ ਨੂੰ ਕੁਦਰਤੀ ਆਫਤਾਂ ਜਿਵੇਂ ਹੜ੍ਹ,ਸੋਕਾ,ਬੇਮੌਸਮੀ ਬਾਰਿਸ਼ ਤੇ ਗੜੇਮਾਰੀ ਆਦਿ ਦਾ ਸਾਹਮਣਾ ਕਰਨਾ ਪੈਂਦਾ ਹੈ,ਉੱਥੇ ਦੂਜੇ ਪਾਸੇ ਬਾਜ਼ਾਰ ਦੇ ਉਤਰਾਅ ਚੜ੍ਹਾਅ ਦੀ ਮਾਰ ਵਿੱਚ ਝਲਣੀ ਪੈਂਦੀ ਹੈ। ਭਾਰਤ ਵਿੱਚ ਅੱਜ ਵੀ ਸੱਠ ਫੀਸਦੀ ਖੇਤੀ ਬਾਰਿਸ਼ ਤੇ ਨਿਰਭਰ ਹੈ ਅਤੇ ਸਾਲ 2000 ਪਿੱਛੋਂ ਪੰਜ ਵੱਡੇ ਸੋਕੇ ਪੈ ਚੁੱਕੇ ਹਨ।ਪਿਛਲੇ ਕੁਝ ਸਾਲਾਂ ਵਿੱਚ ਬੇਮੌਸਮੀ ਬਰਸਾਤ ਨੇ ਉਨ੍ਹਾਂ ਦਾ ਬਹੁਤ ਨੁਕਸਾਨ ਕੀਤਾ ਹੈ।ਇਸ ਤੋਂ ਇਲਾਵਾ ਉਨ੍ਹਾਂ ਨੂੰ ਰਾਜਸਥਾਨ ਗੁਜਰਾਤ ਪੱਛਮੀ ਮੱਧ ਪ੍ਰਦੇਸ਼ ਬਿਹਾਰ ਅਸਾਮ ਪੱਛਮੀ ਬੰਗਾਲ ਵਿੱਚ ਹੜ੍ਹਾਂ ਦਾ ਸਾਹਮਣਾ ਵੀ ਕਰਨਾ ਪਿਆ ਹੈ। ਇਸ ਤੋਂ ਇਲਾਵਾ ਬਾਜ਼ਾਰਵਾਦ ਨੇ ਵੀ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਵਧਾਇਆ ਹੈ।ਕਿਉਂਕਿ ਵਿਸ਼ਾਲ ਬਾਜ਼ਾਰੂ ਤਾਣੇ ਬਾਣੇ ਦੇ ਖਿਡਾਰੀਆਂ ਅੱਗੇ ਇਕੱਲੇ ਕਿਸਾਨ ਦੀ ਕੋਈ ਔਕਾਤ ਵੀ ਨਹੀਂ ਹੁੰਦੀ।ਜਿਸ ਕਰਕੇ ਬਾਜ਼ਾਰ ਦੇ ਉਤਰਾਅ ਚੜ੍ਹਾਅ ਦਾ ਮੁਕਾਬਲਾ ਨਹੀਂ ਕਰ ਸਕਦੇ।ਕੀਮਤਾਂ ਦੇ ਉਤਰਾਅ ਚੜ੍ਹਾਅ ਨੂੰ ਵੱਡੀਆਂ ਕੰਪਨੀਆਂ ਤੈਅ ਕਰਦੀਆਂ ਹਨ ਜਿਸ ਦੀ ਮਾਰ ਕਿਸਾਨਾਂ ਨੂੰ ਸਹਿਣੀ ਪੈਂਦੀ ਹੈ। ਖੇਤੀ ਦੇ ਇਲਾਵਾ ਕਿਸਾਨਾਂ ਦੀ ਕੋਈ ਦੂਸਰੀ ਆਮਦਨ ਵੀ ਨਹੀਂ ਹੁੰਦੀ। ਇਸ ਕਰ ਕੇ ਕੀਮਤਾਂ ਘੱਟਣ ਤੇ ਉਸ ਦੇ ਸਾਹਮਣੇ ਰੋਟੀ ਰੋਜ਼ੀ ਦਾ ਸੰਕਟ ਆ ਖੜ੍ਹਾ ਹੁੰਦਾ ਹੈ।ਜ਼ਾਹਿਰ ਹੈ ਕਿ ਕਿਸਾਨਾਂ ਨੂੰ ਕੁਦਰਤੀ ਤੇ ਮਨੁੱਖ ਦੀਆਂ ਪੈਦਾ ਕੀਤੀਆਂ ਆਫਤਾਂ ਤੋਂ ਬਚਾਉਣ ਦੀ ਲੋੜ ਹੈ।ਪਰ ਸਰਕਾਰ ਵੱਲੋਂ ਚਲਾਈ ਗਈ "ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ" ਸਿਰਫ ਕੁਦਰਤੀ ਆਫਤਾਂ ਤੇ ਹਰਜਾਨਾ ਦੇਣ ਦੀ ਜ਼ਿੰਮੇਵਾਰ ਹੈ ਨਾ ਕਿ ਮਨੁੱਖ ਵੱਲੋਂ ਪੈਦਾ ਕੀਤੀਆਂ ਆਫ਼ਤਾਂ ਜਿਵੇਂ ਬਾਜ਼ਾਰ ਵਿੱਚ ਫ਼ਸਲ ਦੇ ਭਾਰ ਡਿੱਗ ਜਾਣ ਅਤੇ ਛੋਟੇ ਤੇ ਦਰਮਿਆਨੇ ਕਿਸਾਨ ਅਤੇ ਬਟਾਈ ਜਾਂ ਠੇਕੇ ਜ਼ਮੀਨ ਲੈ ਕੇ ਖੇਤੀ ਕਰਨ ਵਾਲੇ ਕਿਸਾਨ ਇਸ ਯੋਜਨਾ ਤੋਂ ਬਾਹਰ ਕੱਢ ਦਿੱਤੇ ਗਏ ਹਨ, ਕਿਉਂਕਿ ਉਨ੍ਹਾਂ ਪਾਸ ਤਾਂ ਜ਼ਮੀਨ ਦੀ ਮਾਲਕੀ ਹੁੰਦੀ ਹੀ ਨਹੀਂ ਜਾਂ ਫਿਰ ਬਹੁਤ ਛੋਟੀ ਮਾਲਕੀ ਹੁੰਦੀ ਹੈ।ਸਾਡੇ ਦੇਸ਼ ਵਿੱਚ ਅਜਿਹੇ ਕਿਸਾਨਾਂ ਦੀ ਗਿਣਤੀ ਸੱਠ ਫੀਸਦੀ ਤੋਂ ਜ਼ਿਆਦਾ ਹੈ ਯਾਨੀ ਜੇ ਇਸ ਬੀਮਾ ਯੋਜਨਾ ਨੂੰ ਸਭ ਤੋਂ ਵਧੀਆ ਢੰਗ ਨਾਲ ਲਾਗੂ ਕਰ ਵੀ ਦਿੱਤਾ ਜਾਵੇ,ਤਾਂ ਵੀ ਇਸ ਨਾਲ ਜ਼ਿਆਦਾਤਰ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਨਿਕਲ ਸਕਦਾ।ਫਿਰ ਸਰਕਾਰ ਪੂਰਾ ਜ਼ੋਰ ਲਾ ਕੇ ਇਸ ਨੂੰ ਅੱਗੇ ਵਧਣ ਚ ਕਿਉਂ ਲੱਗੀ ਹੈ। ਦਰਅਸਲ ਜਿਸ ਬੀਮਾ ਯੋਜਨਾ ਨੂੰ ਕਿਸਾਨਾ ਦੇ ਹਿੱਤ ਵਿੱਚ ਪ੍ਰਚਾਰਿਆ ਜਾ ਰਿਹਾ ਹੈ,ਉਹ ਸਿਰਫ ਕੁਝ ਬੀਮਾ ਕੰਪਨੀਆਂ ਦਾ ਮੁਨਾਫਾ ਵਧਾਉਣ ਦਾ ਇੱਕ ਜ਼ਰੀਆ ਮਾਤਰ ਹੀ ਹੈ।ਇਸ ਗੱਲ ਦਾ ਖੁਲਾਸਾ ਖੁਦ ਕੇਂਦਰ ਸਰਕਾਰ ਵੱਲੋਂ ਪਾਰਲੀਮੈਂਟ ਵਿੱਚ ਦਿੱਤੇ ਜੁਆਬ ਤੋਂ ਹੁੰਦਾ ਹੈ। 7 ਅਪ੍ਰੈਲ 2017 ਨੂੰ ਰਾਜ ਸਭਾ ਵਿੱਚ ਪੁਛੇ ਗਏ ਸੁਆਲ ਲੜੀ ਨੰਬਰ 4025 ਦੇ ਜੁਆਬ ਵਿੱਚ ਸਰਕਾਰ ਨੇ ਦੱਸਿਆ ਕਿ ਹਾੜ੍ਹੀ ਦੀ ਫਸਲ ਦੇ ਲਈ ਕਿਸਾਨਾਂ ਵਲੋਂ ਕੁੱਲ 4270.55 ਕਰੋੜ ਰੁਪਏ ਦੇ ਫਸਲ ਬੀਮਾ ਭੁਗਤਾਨ ਦੇ ਦਾਅਵੇ ਆਏ ਸਨ,ਇਹਨਾਂ ਵਿੱਚੋਂ ਸਿਰਫ਼ 714.14 ਕਰੋੜ ਦੇਦਾਅਵੇ ਦਾ ਭੁਗਤਾਨ ਹੀ ਬੀਮਾ ਕੰਪਨੀਆਂ ਨੇ ਕੀਤਾ।ਇਸ ਦੌਰਾਨ ਬੀਮਾ ਕੰਪਨੀਆਂ ਨੇ 21,500 ਕਰੋੜ ਰੁਪਏ ਪ੍ਰੀਮੀਅਮ ਦੇ ਤੌਰ ਤੇ ਕਿਸਾਨਾਂ ਤੋਂ ਉਗਰਾਹੇ। ਇਸੇ ਹਿਸਾਬ ਨਾਲ ਦੇਖੀਏ ਤਾਂ ਕਿਸਾਨਾਂ ਨੇ ਜੋ ਦਾਅਵੇ ਕੀਤੇ ਉਹ ਕੁੱਲ ਰਾਸ਼ੀ ਦੇ 20 ਫੀ ਸਦੀ ਤੋਂ ਵੀ ਘੱਟ ਹਨ।ਇਸ ਵਿੱਚ ਵੀ ਜੋ ਰਾਸ਼ੀ ਕਿਸਾਨਾਂ ਨੂੰ ਦਿੱਤੀ ਗਈ ਉਹ ਕਿਸਾਨਾਂ ਵੱਲੋਂ ਜਮਾਂ ਕਰਾਈ ਗਈ ਕੁੱਲ ਰਾਸ਼ੀ ਦੇ ਸਿਰਫ 3.31 ਫੀਸਦੀ ਹੈ।ਯਾਨੀ ਬੀਮਾ ਕੰਪਨੀਆਂ ਨੇ ਕਿਸਾਨਾਂ ਤੋਂ ਸੌ ਰੁਪਏ ਲੈਕੇ ਉਨ੍ਹਾਂ ਨੂੰ ਸਾਢੇ ਤਿੰਨ ਰੁਪਏ ਹੀ ਮੋੜੇ।ਕਾਰਪੋਰੇਟ ਪੱਖੀ ਮੀਡੀਆ ਜੋ ਕਿਸਾਨਾਂ ਨੂੰ ਕਿਸੇ ਵੀ ਤਰਾਂ ਦੀ ਸਰਕਾਰੀ ਰਿਆਇਤ ਦੇਣ ਤੇ ਬੁੜ ਬੁੜ ਕਰਦਾ ਹੈ,ਉਹ ਇਸ ਯੋਜਨਾ ਵਿੱਚ ਬੀਮਾ ਕੰਪਨੀਆਂ ਨੂੰ ਮਿਲਣ ਵਾਲੀ ਸਬਸਿਡੀ ਤੇ ਕੁੱਝ ਨਹੀਂ ਬੋਲਦਾ।ਕਿਸਾਨਾਂ ਵਲੋਂ ਦਿੱਤਾ ਜਾਣ ਵਾਲਾ ਪ੍ਰੀਮੀਅਮ ਸਾਉਣੀ ਦੀ ਫਸਲ ਤੇ ਸਿਰਫ ਡੇੜ ਫੀ ਸਦੀ ਹਾੜ੍ਹੀ ਦੀ ਫਸਲ ਤੇ 2.1 ਫੀਸਦੀ ਘੱਟ ਕੀਤਾ ਗਿਆ ਹੈ।ਪਰ ਸਰਕਾਰ ਵਲੋਂ ਬੀਮਾ ਕੰਪਨੀਆਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਦੀ ਕੋਈ ਉਪਰਲੀ ਹੱਦ ਨਹੀਂ ਮਿਥੀ ਗਈ ਹੈ।ਸਰਕਾਰ ਨੇ ਆਪਣੇ 2016-17 ਦੇ ਬਜਟ ਵਿੱਚ ਬੀਮਾ ਕੰਪਨੀਆਂ ਨੂੰ ਦਿੱਤੀ ਜਾਣ ਵਾਲੀ ਰਾਸ਼ੀ 5501.15 ਕਰੋੜ ਰੁਪਏ ਤੋਂ 240 ਫੀ ਸਦੀ ਵਧਾ ਕੇ 13240.04 ਰੋਪਏ ਕਰ ਦਿੱਤੀ ਸੀ।ਪਰ ਉਦੋਂ ਇਸ ਬਾਰੇ ਮੀਡੀਆ ਵਿੱਚ ਕੋਈ ਰੌਲਾ ਨਹੀਂ ਪਿਆ ਜਦ ਕਿ ਇਹ ਪੈਸਾ ਵੀ ਘੁਮ-ਫਿਰ ਕੇ ਕਿਸਾਨਾ ਅਤੇ ਦੂਜੇ ਮੇਹਨਤਕਸ਼ਾ ਦੀ ਜੇਬ ਵਿੱਚੋਂ ਹੀ ਜਾਵੇਗਾ।ਕੇਂਦਰ ਸਰਕਾਰ "ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ" ਦੇ ਜ਼ਰੀਏ ਖੇਤੀ ਨੂੰ ਲਾਭਕਾਰੀ ਧੰਦਾ ਬਣਾਉਣ ਦਾ ਝੂਠਾ ਪ੍ਰਚਾਰ ਕਰ ਰਹੀ ਹੈ। ਜੇ ਕਿਸਾਨਾਂ ਦੇ ਸਾਰੇ ਦਾਅਵੇ ਬੀਮਾ ਕੰਪਨੀ ਮੰਨ ਲਵੇ ਤਾਂ ਵੀ ਇਹ ਪ੍ਰੀਮੀਅਮ ਦੇ ਨਾਂਅ ਤੇ ਕਿਸਾਨਾਂ ਤੋਂ ਹੀ ਲਗਾਈ ਗਈ ਕੁੱਲ ਹੁਕਮ ਦਾ ਸਿਰਫ਼ ਵੀਹ ਫ਼ੀਸਦੀ ਹੀ ਵਾਪਸ ਮੋੜਦੀ ਹੈ। ਦਰਅਸਲ ਸਰਕਾਰ ਵੱਲੋਂ ਅਜਿਹਾ ਕਰਨ ਪਿੱਛੇ ਕਿਸਾਨਾਂ ਨੂੰ ਬੀਮਾ ਕੰਪਨੀਆਂ ਦੇ ਹੱਥੀਂ ਲੁਟਾਉਣਾ ਅਤੇ ਉਨ੍ਹਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਹੱਥ ਪਿੱਛੇ ਖਿਚਣਾ ਹੈ।

ਦੇਸ਼ ਵਿੱਚ ਪਹਿਲਾਂ ਕਿਸਾਨਾਂ ਨੂੰ ਵਿਕਾਸ ਜਾਂ ਤਰੱਕੀ ਦੇ ਨਾਂ ਤੇ ਲੁੱਟਿਆ ਗਿਆ।ਬਿਹਤਰ ਤਕਨੀਕ ਦੀ ਘਾਟ ਨੂੰ ਘੱਟ ਪੈਦਾਵਾਰ ਦਾ ਕਾਰਨ ਦੱਸ ਕੇ ਖਾਦ,ਬੀਜ,ਕੀਟਨਾਸ਼ਕ ਦਵਾਈਆਂ ਦੀਆਂ ਦਿਓ ਕੱਦ ਵਿਦੇਸ਼ੀ ਕੰਪਨੀਆਂ ਨੂੰ ਖੇਤੀ ਖੇਤਰ ਵਿੱਚ ਘੁਸਣ ਦੀ ਛੋਟ ਦਿੱਤੀ ਗਈ ਪਰ ਅੱਜ ਪੈਦਾਵਾਰ ਵਿੱਚ ਵਾਧਾ ਹੀ ਕਿਸਾਨਾਂ ਦੇ ਜੀ ਦਾ ਜੰਜਾਲ ਬਣ ਗਿਆ ਹੈ। ਫਸਲਾਂ ਦੇ ਭਾਵਾਂ ਵਿੱਚ ਲਗਾਤਾਰ ਗਿਰਾਵਟ ਕਾਰਨ ਪੈਦਾਵਾਰ ਵਧਣ ਤੇ ਵੀ ਆਮਦਨੀ ਵਧਣ ਦਾ ਕੋਈ ਰਸਤਾ ਨਹੀਂ ਬੱਚਿਆ ਹੈ। ਯਾਨੀ ਪੈਦਾਵਾਰ ਵਧਾਉਣਾ ਦੇਸੀ ਵਿਦੇਸ਼ੀ ਕਾਰਪੋਰੇਟ ਕੰਪਨੀਆਂ ਦਾ ਮੁਨਾਫਾ ਵਧਾਉਣ ਦਾ ਜ਼ਰੀਆ ਬਣ ਗਿਆ ਹੈ, ਪਰ ਕਿਸਾਨਾਂ ਦੀ ਤਰੱਕੀ ਦਾ ਰਸਤਾ ਛੋਟੇ ਛੋਟੇ ਖੇਤੀ ਉਦਯੋਗ ਦੀ ਥਾਂ ਵੱਡੀਆਂ ਵੱਡੀਆਂ ਮਿੱਲਾਂ ਨੂੰ ਦੱਸਿਆ ਗਿਆ। ਦਲੀਲ ਉਦੋਂ ਇਹ ਦਿੱਤੀ ਗਈ ਕਿ ਇਸ ਨਾਲ ਫਸਲਾਂ ਦੇ ਭਾਵਾਂ ਨੂੰ ਲੈ ਕੇ ਦੌੜ ਲੱਗ ਜਾਵੇਗੀ ਅਤੇ ਇਸ ਦਾ ਫਾਇਦਾ ਕਿਸਾਨਾਂ ਨੂੰ ਮਿਲੇਗਾ। ਪਰ ਅੱਜ ਉਹੀ ਵੱਡੀਆਂ ਮਿੱਲਾਂ ਤੇ ਘਰਾਣੇ ਕਿਸਾਨਾਂ ਨੂੰ ਗ਼ੁਲਾਮ ਬਣਾ ਚੁੱਕੇ ਹਨ।ਕਦੀ ਬਿਹਤਰ ਤਕਨੀਕ,ਕਦੀ ਕੀਮਤਾਂ ਵਿੱਚ ਮੁਕਾਬਲਾ ਤੇ ਕਦੀ ਮੁਕਤ ਬਾਜ਼ਾਰ ਨੂੰ ਕਿਸਾਨਾਂ ਦਾ ਹਿਤੈਸ਼ੀ ਦੱਸ ਕੇ ਕਿਸਾਨਾਂ ਨੂੰ ਕੰਪਨੀਆਂ ਦੇ ਜਾਲ ਵਿੱਚ ਫਸਾ ਦੇਣਾ ਅਤੇ ਇਸ ਦੀ ਕਾਟ ਦੇ ਰੂਪ ਵਿੱਚ ਇਨ੍ਹਾਂ ਮੁਨਾਫਾਖੋਰ ਬੀਮਾ ਕੰਪਨੀਆਂ ਨੂੰ ਖੇਤੀ ਖੇਤਰ ਚ ਘੁਸਾ ਦੇਣ ਦਾ ਇੱਕ ਹੀ ਅਰਥ ਹੈ,ਕਿਸਾਨਾਂ ਦੇ ਸ਼ਰੀਰ ਵਿੱਚੋਂ ਖੂਨ ਦੀ ਆਖਰੀ ਬੂੰਦ ਵੀ ਨਿਚੋੜ ਲੈਂਣੀ।ਚੁਣਾਵੀ ਰਾਜਸੀ ਪਾਰਟੀਆਂ ਲਈ ਖੇਤੀ ਇੱਕ ਅਜਿਹਾ ਮੁੱਦਾ ਹੈ ਜਿਸ ਨੂੰ ਉਹ ਚਾਹੁੰਦੇ ਹੋਏ ਵੀ ਨਜ਼ਰ ਅੰਦਾਜ਼ ਨਹੀਂ ਕਰ ਸਕਦੇ,ਕਿਉਂਕਿ ਇਹ ਲਗਭਗ ਦੇਸ਼ ਦੀ ਅੱਧੀ ਆਬਾਦੀ ਦਾ ਦਰਦ ਹੈ।ਇਹ ਦਰਦ ਹੁਣ ਨਾਸੂਰ ਬਣ ਚੁੱਕਾ ਹੈ। ਵਿਰੋਧੀ ਧਿਰ ਵਿੱਚ ਰਹਿੰਦਿਆਂ ਸਾਰੀਆਂ ਚੁਣਾਵੀ ਪਾਰਟੀਆਂ ਕਿਸਾਨਾਂ ਦੇ ਪੱਖ ਵਿੱਚ ਬੋਲਦੀਆਂ ਹਨ।ਪਰ ਹਕੂਮਤ ਵਿੱਚ ਆਉਣ ਪਿੱਛੋਂ ਉਹ ਪੁਰਾਣੀ ਸਰਕਾਰ ਦੀਆਂ ਨੀਤੀਆਂ ਨੂੰ ਹੀ ਹੋਰ ਵੱਧ ਅੱਤਿਆਚਾਰੀ ਤਰੀਕੇ ਨਾਲ ਅੱਗੇ ਵਧਾਉਂਦੀਆਂ ਹਨ।ਸੱਚ ਤਾਂ ਇਹ ਹੈ ਕਿ ਖੇਤੀ ਅਤੇ ਕਿਸਾਨ ਕੁਝ ਮੁੱਠੀ ਭਰ ਥੈਲੀਸਾਹਾਂ/ਕਾਰਪੋਰੇਟ ਘਰਾਣਿਆਂ ਦੀ ਜੇਬ ਭਰਨ ਦਾ ਸਾਧਨ ਬਣ ਕੇ ਰਹਿ ਗਏ ਹਨ।

ਸਰਕਾਰਾਂ ਤਾਂ ਆਉਂਦੀਆਂ ਜਾਂਦੀਆਂ ਰਹਿਣਗੀਆਂ ਪਰ ਸਰਮਾਏਦਾਰੀ ਦੇ ਮੌਜੂਦਾ ਤਾਣੇਬਾਣੇ ਦੇ ਰਹਿੰਦਿਆਂ ਕਿਸਾਨ ਆਪਣੀਆਂ ਮੁਸੀਬਤਾਂ ਤੋਂ ਛੁੱਟਕਾਰਾ ਨਹੀਂ ਪਾ ਸਕਦਾ। ਖੇਤੀ ਅਤੇ ਕਿਸਾਨ ਦੀ ਮੁਕਤੀ ਲਈ ਇਸ ਦਲਾਲ ਨੌਕਰਸ਼ਾਹ ਸਰਮਾਏਦਾਰੀ ਤੇ ਨਿਸ਼ਾਨਾ ਲਾਉਣ ਲਾਜਮੀ ਹੈ।

ਡਾ ਅਜੀਤਪਾਲ ਸਿੰਘ ਐਮ ਡੀ ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ

## ਸਾਡੀਆਂ ਸਿੱਧੀਆਂ ਗੱਲਾਂ ਨੇ ਅਤੇ ਅਸੀਂ ਕਦੇ ਵੱਲ ਛੱਲ ਨਹੀਂ ਰੱਖੇ



ਸਾਡੀਆਂ ਸਿੱਧੀਆਂ ਗੱਲਾਂ ਨੇ ਅਤੇ ਅਸੀਂ ਕਦੇ ਵੱਲ ਛੱਲ ਨਹੀਂ ਰੱਖੇ। ਅੱਜ ਤੱਕ ਕਿਸੇ ਨਾਲ ਜੁੜਨ ਤੋਂ ਪਹਿਲਾਂ ਮਨ ਵਿੱਚ ਮਤਲਬ ਨਹੀਂ ਪਾਲਿਆ। ਬਹੁਤ ਮਸ਼ਹੂਰ ਹਸਤੀਆਂ ਅਕਸਰ ਮੇਰੇ ਰਾਬਤੇ ਵਿੱਚ ਆਉਂਦੀਆਂ ਮੈਂ ਕਦੇ ਨੰਬਰ ਵੀ ਲੈ ਕੇ ਰੱਖਣ ਬਾਰੇ ਨਹੀਂ ਸੋਚਿਆ, ਕੰਮ ਕਹਿਣੇ ਤੇ ਬਹੁਤ ਦੂਰ ਦੀ ਗੱਲ ਹੈ। ਨਿਰਸਵਾਰਥ ਅਤੇ ਚੰਗੇ ਰਿਸ਼ਤੇ ਆਪਣੇ ਆਪ ਮਹਿਸੂਸ ਹੁੰਦੇ ਹਨ, ਹਜ਼ਾਰਾਂ ਲੱਖਾਂ ਵਿੱਚੋਂ ਇੱਕ .. ਨਾ ਤੁਹਾਨੂੰ ਮਜਬੂਰੀ ਵਿੱਚ ਪਾਉਂਦੇ ਨਾ ਆਪ ਆਉਂਦੇ.. ਮਨ ਵਿੱਚ ਇੱਕ ਹੀ ਸੋਚ ਰੱਖੋ "ਮੇਰੇ ਤੋਂ ਕਿਵੇਂ ਅਗਲੇ ਦਾ ਭਲਾ ਹੋ ਜਾਵੇ" ਚਾਹੇ ਉਹ ਤੁਹਾਡੀ ਉਸ ਲਈ ਚੰਗੀ ਸਲਾਹ ਹੀ ਹੋਵੇ.. ਬਿਲਕੁਲ ਨਿਰਸਵਾਰਥ ਵਿਚਰੋਗੇ ਤੇ ਬਹਿਤਰੀਨ ਲੋਕਾਂ ਦੀ ਸੰਗਤ ਮਾਣੋਗੇ ਅਤੇ ਸਿੱਖਦੇ ਜਾਓਗੇ.. ਤੁਹਾਡਾ ਭਲਾ ਆਪਣੇ ਆਪ ਹੁੰਦਾ ਜਾਏਗਾ। ਜਿਵੇਂ ਮਾਪਿਆਂ ਨੂੰ ਮਾਣ ਮਹਿਸੂਸ ਕਰਵਾਉਣ ਲਈ ਬੱਚਾ ਜਮਾਤ ਵਿੱਚ ਪਹਿਲੇ ਦਰਜੇ ਤੇ ਆ ਰਿਹਾ ਹੋਵੇ.. ਤੇ ਮਾਪੇ ਆਪਣੇ ਆਪ ਬਿਨ੍ਹਾਂ ਮੰਗੇ ਨਵਾਂ ਕੋਟ ਲਿਆ ਦਿੰਦੇ ਜਿਸ ਦਿਨ ਸਾਲਾਨਾ ਪ੍ਰੋਗਰਾਮ ਤੇ ਟ੍ਰੋਫੀ ਮਿਲਣੀ ਹੁੰਦੀ।

- ਮਨਦੀਪ ਕੌਰ ਟਾਂਗਰਾ

### ਜਦ ਖ਼ੁਦ ਨੂੰ ਦੁਖੀ ਪਾਓ, ਤੇ ਵਾਰ ਵਾਰ ਸੋਚੋ ਕਿਸੇ ਹੋਰ ਦਾ ਦਿਲ ਤੇ ਨਹੀਂ ਦੁਖਾਇਆ।



ਜਦ ਖ਼ੁਦ ਨੂੰ ਦੁਖੀ ਪਾਓ, ਤੇ ਵਾਰ ਵਾਰ ਸੋਚੋ ਕਿਸੇ ਹੋਰ ਦਾ ਦਿਲ ਤੇ ਨਹੀਂ ਦੁਖਾਇਆ। ਪਿਆਰ ਵੰਡਣ ਨਾਲ ਹੀ ਪਿਆਰ ਮਿਲਦਾ ਹੈ, ਤੇ ਇੱਜ਼ਤ ਕਰਨ ਨਾਲ ਇੱਜ਼ਤ। ਕਿਸੇ ਲਈ ਚੰਗਾ ਸੋਚੋਗੇ ਤੇ ਲੋਕ ਵੀ ਤੁਹਾਡੇ ਲਈ ਚੰਗਾ ਸੋਚਣਗੇ। ਕਿਸੇ ਨੂੰ ਖ਼ੂਨਦਾਨ ਕਰ ਦਿਓਗੇ, ਤੇ ਤੁਹਾਨੂੰ ਵੀ ਕੋਈ ਸੜਕ ਤੋਂ ਚੁੱਕ ਲਵੇਗਾ। ਜੋ ਕਰੋਗੇ ਓਹੀ ਹੋਵੇਗਾ। ਫੇਰ ਵੀ ਲੱਗੇ ਕਿ ਮੇਰਾ ਕੋਈ ਕਸੂਰ ਨਹੀਂ ਮੈਂ ਰੱਬ ਹਾਂ ਤੇ ਮੁਆਫ਼ ਕਰਨਾ ਸਿੱਖੋ।

ਮਨਦੀਪ ਕੌਰ ਟਾਂਗਰਾ

## ਆ ਚਿਹਰਾ ਹਮੇਸ਼ਾ ਯਾਦ ਰਖੋਂਗੇ , ਅੱਖਾਂ ਅੱਗੇ ਆਉਂਦਾ ਰਹਿਣਾ



ਹੁਸਨ ਦੀ ਤਬੀਅਤ ਤਾਂ ਮੇਕਅੱਪ ਵੀ ਬਣਾ ਦਿੰਦਾ , ਗੱਲ ਤਾਂ ਦਿਲ ਅਤੇ ਧੜਕਣ ਦੀ ਜਜ਼ਬਿਆਤ ਦੀ ਐ। ਇੱਕ ਵੀਰ ਦਾ ਸੁਨੇਹਾ ਆਇਆ ਕਹਿੰਦਾ ਬਾਈ ਤੁਹਾਨੂੰ ਦਿਲੋਂ ਪਿਆਰ ਕਰਦਾ ਹਾਂ ਤੁਹਾਡੀ ਤਸਵੀਰ ਆਪਣੇ ਬਟੂਏ ਵਿੱਚ ਪਾਈ। ਤੁਹਾਡੀਆਂ ਲਿਖਤਾਂ ਪੜ੍ਹਦੇ ਪੜ੍ਹਦੇ ਮੈਂ ਆਪਣੇ ਤਾਇਆ, ਚਾਚਿਆਂ ਅਤੇ ਪਿੰਡ ਨੂੰ ਪਿਆਰ ਕਰਨ ਲੱਗਾ ਹਾਂ, ਇੱਕ ਭੈਣ ਹਰੇਕ ਗਿਆਰਾਂ ਜਨਵਰੀ ਨੂੰ ਆਪਣੇ ਵੀਰ ਦੇ ਜਨਮ ਦਿਨ ਵਾਲੇ ਦਿਨ ਮੈਨੂੰ ਜਨਮ ਦਿਨ ਮੁਬਾਰਕ ਕਹਿਕੇ ਜਨਮ ਦਿਨ ਮਨਾਉਂਦੀ। ਇਹ ਯਾਦਾਂ ਭਾਂਣ ਵਾਂਗ ਛੱਡ ਜਾਵਾਂਗਾ। ਕਿਨੇ ਵਿਆਹਾਂ ' ਚ ਭਾਂਣ ਵਾਰਨ ਲਈ ਮੈਨੂੰ ਕਿਹਾ ਗਿਆ। ਕਿਨੇ ਪਰਿਵਾਰਾਂ ਦਾ ਹਿੱਸਾ ਬਣ ਗਿਆ , ਕਿੰਨੀਆਂ ਮਾਵਾਂ ਮੈਨੂੰ ਪੁੱਤ ਸਮਝਦੀਆਂ ਪਰ ਮੈਂ ਸੋਚਦਾ ਕਿ ਜਦ ਕਿਸੇ ਘਰ ਜਾਈਦਾ ਤਾਂ ਲੋਕ ਅਕਸਰ ਡਰਾਇੰਗ ਰੂਮ ' ਚ ਸਿਰਫ਼ ਵੱਡੇ ਵੱਡੇ ਲੋਕਾਂ ਦੀਆਂ ਤਸਵੀਰਾਂ ਫਰੇਮ ਕਰਕੇ ਲਾਉਂਦੇ।

ਇੱਕ ਪਾਸੇ ਤੂੰ ਉਹ ਏਂ ਜਿਸਦੀ ਬੈਂਕਾਂ ' ਚ ਕਾਮਯਾਬੀ ਦੇ ਕੇਕ ਕੱਟੇ ਗਏ। ਦੂਜੇ ਪਾਸੇ ਤੂੰ ਉਹ ਏਂ ਜਿਹਨੂੰ ਵਿਆਹਾਂ ਦੀਆਂ ਗਰੁੱਪ ਫੋਟੋਆਂ ' ਚੋਂ ਧੱਕੇ ਵੱਜੇ , ਸਕੂਲ ' ਚ ਟੂਰ ਦੀਆਂ ਤਸਵੀਰਾਂ ਸੰਨ ਬਾਰਾਂ ' ਚ ' ਰੇਸ਼ਮ ਸਿੰਘ ' ਮਾਸਟਰ ਨੇ ਡਿਲੀਟ ਕਰ ਦਿੱਤੀਆਂ ਸੀ। ਇਕੱਠੇ ਪਤੰਗ ਕੱਟਣ ਵਾਲੇ ਮਿੱਤਰਾਂ ਨੇ ਨਾਲੋ ਕੱਟ ਕੱਟ ਤਸਵੀਰਾਂ ਪਾਈਆਂ। ਜਿਨ੍ਹਾ ਦੀ ਜਾਨ ਬਚਾਉਣ ਲਈ ਬਾਪੂ ਨੇ ਆਪਣਾ ਖੂਨ ਦਿੱਤਾ। ਉਹੀ ਮੇਰੇ ਖੂਨ ਦੇ ਪਿਆਸੇ ਹੋ ਗਏ ਸੀ। ਕੋਈ ਕੰਮ ਕਰਨ ਤੋਂ ਪਹਿਲਾਂ ਮੇਰਾ ਕਿਸੇ ਦੇ ਮੱਥੇ ਲੱਗ ਜਾਣਾ ਅਸੁਭ ਮੰਨਿਆ ਜਾਂਦਾ ਸੀ , ਬਹੁਤਿਆਂ ਦਾ ਮੰਨਣਾ ਸੀ ਮੈਂ ਜੰਮਦਾ ਹੀ ਮਾਂ ਨੂੰ ਖ਼ਾ ਗਿਆ। ਜੇ ਮੈਂ ਇਕੱਲੇ ਇਕੱਲੇ ਦਾ ਨਾਮ ਲਿਖ ਦਿੱਤਾ ਨਫਰਤ ਦੇ ਪਾਤਰ ਬਣ ਜਾਣਗੇ। ਫ਼ਿਕਰ ਨਾ ਕਰੋ ਕਦੇ ਵੀ ਆਪਣੀ ਕਲਮ ' ਚੋਂ ਤੁਹਾਡੇ ਨਾਮ ਨਹੀਂ ਲਿਖਦਾ।

ਜਦ ਘਰ , ਪਿੰਡ , ਸਹਿਰ , ਇਲਾਕੇ , ਦੇਸ਼ ਦਾ ਮੁਹਤਵਾਰ ਵਿਰੋਧ ਕਰੇ ਫਿਰ ਵਿਕਾਸ ਸੁਰੂ ਹੁੰਦਾ। ਮੈਨੂੰ ਹੁਣ ਤੱਕ ਨਫਰਤ ਹੀ ਮਿਲੀ ਹੈ ਤਾਹੀਂ ਸਾਇਦ ਆਪਣੇ ਹੀ ਕਹਿ ਗਏ ਸੀ ਕਿ ਤੂੰ ਪ੍ਰੋਗਰਾਮ ਉੱਤੇ ਨਾ ਹੀ ਆਈਂ। ਪਿੰਡ ' ਚ ਚੱਲਦਾ ਡੀ.ਜੇ. ਸੁਣਕੇ ਲੋਕ ਨਹੀਂ ਸਮਝ ਸਕਦੇ। ਜਦ ਪਿਓ ਵਰਗੇ ਭਰਾ ਦਾ ਸਿਵਾ ਅਜੇ ਠੰਡਾ ਨਹੀਂ ਹੋਇਆ। ਮਾਂ ਵਰਗੀ ਭਰਜਾਈ ਦੀ ਮਹਿੰਦੀ ਲੱਥੀ ਨਹੀਂ ਸੰਧੂਰ ਪੂੰਝ ਦਿੱਤਾ ਜਾਂਦਾ ਉਦੋਂ ਦਿਲ ਉਤੇ ਕੀ ਬੀਤਦੀ ਐ। ਜਿਸ ਭਰਾ ਦੇ ਵਿਆਹ ਦੀ ਪਹਿਲੀ ਦੀਵਾਲੀ ਲਈ ਦੀਵੇ ਲੈਣੇ ਸਨ। ਉਸਦੀ ਯਾਦ ਵਿੱਚ ਦੀਵਾ ਬਾਲਣਾ ਪਿਆ ਹੋਵੇ। ਇਹ ਤਾਂ ਦੀਵੇ ਥੱਲੇ ਹਨ੍ਹੇਰੇ ਵਾਲੀ ਗੱਲ , ਮੇਰੀ ਖੁਦ ਦੀ ਅੱਗ ਮੈਨੂੰ ਇੱਥੇ ਲੈਕੇ ਆਈ ਹੈ। ਲਗਦਾ ਇੰਨੇ ਲੰਬੇ ਸਫ਼ਰ ਅਤੇ ਸਬਰ ਨੇ ਮੈਨੂੰ ਦੁਨੀਆਂ ਤੋਂ ਵੱਖਰਾ ਕਰ ਦਿੱਤਾ। ਅਪਮਾਨ ਦੀਆਂ ਸੱਟਾਂ ਖਾਣ ਵਾਲਾ ਚਾਹਤ ਦੀਆਂ ਪੱਟੀਆਂ ਬੰਨ੍ਹਣ ਲੱਗਾ। ਸੋਚਦਾਂ ਮੈਂ ਤਾਂ ਮਾਂ ਦੀ ਸੇਵਾ ਵੀ ਨਹੀਂ ਕੀਤੀ ਪਿਓ ਨੂੰ ਹਮੇਸ਼ਾ ਤੰਗ ਕਰਿਆ ਫਿਰ ਮੇਰੇ ਹਿੱਸੇ ਇਨਾ ਕੁੱਝ ਕਿਵੇਂ ਆਇਆ। ਫਿਰ ਅਚਾਨਕ ਸਿਆਣੇ ਬਜੁਰਗ ਦੀ ਗੱਲ ਚੇਤੇ ਆਈ। ਯਤੀਮ ਉਹ ਨਹੀਂ ਹੁੰਦਾ ਜਿਸ ਕੋਲ ਮਾਂ ਜਾਂ ਪਿਓ ਨਹੀਂ ਹੁੰਦਾ ਸਗੋਂ ਯਤੀਮ ਉਹ ਹੁੰਦਾ ਜਿਸਨੂੰ ਕੋਈ ਚੰਗੀ ਸਿੱਖਿਆ ਦੇਣ ਵਾਲਾ ਨਹੀਂ ਹੁੰਦਾ ਜਿਨਾ ਦੀਆਂ ਮਾਵਾਂ ਸੁਲਖਣੀਆਂ ਹੋਣ ਤਾਂ ਪੁੱਤਾਂ ਦੇ ਨਾਮ ਜੱਗ ਉੱਤੇ ਰਹਿੰਦੇ ਹਨ ਜਗਤਾਰ ਸਿਹਾਂ ਅਤੇ ਉਮਰ ਹੁਸੈਨ ਯਾਦ ਆ ਗਿਆ। ਜਿਸਨੂੰ ਇੱਕ ਫ਼ਕੀਰ ਨੇ ਕਿਹਾ ਸੀ , ਤੇਰੀ ਜ਼ਿੰਦਗੀ ' ਚ ਉਵਾਇਸ ਨਾਮ ਦਾ ਸਖ਼ਸ਼ ਅਵੇਗਾ ਉਸਤੋਂ ਦੁਆ ਕਰਵਾਈਂ ਬਰਕਤ ਮਿਲੇਗੀ। ਮੇਰੀ ਜ਼ਿੰਦਗੀ ਵਿੱਚ ਵੀ ਇੱਕ ਦਰਮਿਆਨੇ ਕੱਦ ਦੇ ਇਨਸਾਨ ਨੇ ਮੇਰਾ ਕਿਰਦਾਰ ਉੱਚਾ ਕਰ ਦਿੱਤਾ। ਜਿਸਨੇ ਦਸਿਆ ਰੋਹਬ ਪੈਸੇ ਦਾ ਨਹੀਂ ਕਿਰਦਾਰ ਦਾ ਹੁੰਦਾ। ਜਿਸ ਨਾਲ ਢਿੱਡ ਦੀ ਸਾਂਝ ਤਾਂ ਨਹੀਂ ਪਰ ਢਿੱਡ ਦੀ ਅੱਗ ਨੂੰ ਪੂਰਾ ਕਰ ਦਿੱਤਾ , ਕਿਉਕਿ ਓਸਨੇ ਮਾਂ ਦੀ ਬਹੁਤ ਸੇਵਾ ਕੀਤੀ ਹੈ। ਜਦ ਉਹ ਮੇਰੇ ਲਈ ਹੱਥ ਅੱਡਕੇ ਖੜ੍ਹਦਾ ਰੱਬ ਉਸਦੇ ਖਿਦਮਤ ਵਾਲੇ ਹੱਥ ਖਾਲੀ ਨਹੀਂ ਮੋੜਦਾ।

ਖੁਦ ਨੂੰ ਖੁਸ਼ਕਿਸਮਤ ਸਮਝਦਾ ਹਾਂ ਮੈਨੂੰ ਕੋਈ ਮੁਹੱਬਤ ਕਰਨ ਵਾਲਾ ਹੈ, ਬੀਮਾਰ ਹੋਵਾਂ ਕੋਈ ਖਿਆਲ ਕਰਨ ਵਾਲਾ ਹੈ, ਮੈਨੂੰ ਕੋਈ ਚੰਗੀ ਸਲਾਹ ਦੇਣ ਵਾਲਾ ਹੈ, ਗਲਤੀਆਂ ਸਮੇਤ ਕੋਈ ਕਬੂਲ ਕਰਨ ਵਾਲਾ ਹੈ , ਮੇਰੇ ਗੁਨਾਹ ਦੀ ਮੁਆਫੀ ਲਈ ਕੋਈ ਰੱਬ ਅੱਗੇ ਅਰਦਾਸਾਂ ਕਰਨ ਵਾਲਾ ਹੈ। ਰੱਬ ਰੱਬ ਕਰਿਆਂ ਰੱਬ ਨਹੀਂ ਮਿਲਦਾ ਰੱਬ ਦਾ ਡਰ ਰੱਖਣ ਵਾਲੇ ਰੱਬ ਨਾਲ ਮਿਲਾ ਦਿੰਦੇ।

ਫਿਰੋਨ ਜਵਾਨੀ ' ਚ ਮਰਕੇ ਅਤੇ ਬੇ ਈਮਾਨ ਹੋਕੇ ਵੀ ਪੰਜ ਸੌ ਸਾਲ ਹਕੂਮਤ ਕਰ ਗਿਆ ਕਿਉਕਿ ਜਦ ਸਾਰੇ ਲੋਕ ਸੁੱਤੇ ਹੁੰਦੇ ਸੀ ਉਹ ਹੱਥ ਬੰਨ੍ਹ ਕੇ ਰੱਬ ਨੂੰ ਯਾਦ ਕਰਦਾ ਸੀ। ਮਰਨਾ ਅਜੇ ਮੇਰੇ ਲੇਖ ਨਹੀ। ਰਾਤਾਂ ਨੂੰ ਫ਼ੋਨ ਦੀ ਹਰੀ ਬੱਤੀ ਦਾ ਮਤਲਬ ਚੈਟਿੰਗ ਕਰਨਾ ਨਹੀਂ ਹੁੰਦਾ। ਅਉਣ ਵਾਲੇ ਸਮੇਂ ਦੀ ਤਿਆਰੀ ਵੀ ਹੋ ਸਕਦੀ , ਜ਼ਿੰਦਗੀ ਜ਼ਿੰਦਾਬਾਦ ❤️

ਜਗਤਾਰ ਸਿੰਘ ਧਾਲੀਵਾਲ

ਭਗਵਾਨ ਗੜ੍ਹ ਭੁੱਖਿਆਂ ਵਾਲੀ { ਬਠਿੰਡਾ }

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

## ਸਵੇਰ ਸੁਨੇਹਾ (ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।)



ਕਿਸੇ ਧਾਰਮਿਕ ਸਥਾਨ ਦੀ ਹਸਪਤਾਲ ਵਿੱਚ ਮਰੀਜ਼ਾਂ ਤੇ ਮਰੀਜ਼ ਦੇ ਇਲਾਜ਼ ਲਈ ਸੇਵਾ ਸੰਭਾਲ ਕਰਨ ਵਾਲਿਆਂ ਵਾਸਤੇ ਲੰਗਰ ਲੈ ਕੇ ਜਾ ਰਹੀ ਗੱਡੀ ਨੇ, ਸਾਈਕਲ ਸਵਾਰ ਨੂੰ ਦਰੜ ਕੇ ਜ਼ਖ਼ਮੀ ਕਰ ਦਿੱਤਾ। ਹੁਣ ਉਸ ਦੇ ਬੇਸਹਾਰਾ ਬੱਚੇ, ਇਲਾਜ ਕਰਵਾਉਂਦੇ ਸਵੇਰ ਸ਼ਾਮ ਭੁੱਖੇ ਭਾਣੇ, ਰੋਟੀ ਦੇ ਮੁਥਾਜ ਗੁਰੂ ਘਰ ਦੇ ਸੇਵਕਾਂ ਦੀ ਉਡੀਕ ਕਰ ਰਹੇ ਹੁੰਦੇ ਹਨ। ਜਿੰਨਾਂ ਦੀ ਆਰਥਿਕਤਾ ਨੂੰ ਠੇਸ ਪਹੁੰਚਾਉਣ ਵਾਲੇ ਧਰਮ ਦੇ ਨਾਂਅ ਥੱਲੇ ਅਖੌਤੀ ਧਾਰਮਿਕ ਆਗੂ ਬਣੇ ਬੈਠੇ ਹਨ।

ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।
8146593089

## ਇੱਕੋ ਗਲਤੀ ਮੈਂ ਵਾਰ ਵਾਰ ਕਰ ਜਾਂਦੀ ਹਾਂ।



ਇੱਕੋ ਗਲਤੀ ਮੈਂ ਵਾਰ ਵਾਰ ਕਰ ਜਾਂਦੀ ਹਾਂ। ਮੂੰਹ ਦੇ ਮਿੱਠਿਆਂ ਦਾ ਇਤਬਾਰ ਕਰ ਜਾਂਦੀ ਹਾਂ।ਆਪਣਾ ਸਮਝ ਸਭ ਨੂੰ ਗਲ ਨਾਲ ਲਾ ਬਹਿੰਦੀ ਹਾਂ ਇਹੋ ਗਲਤੀ ਹੀ ਹਰ ਵਾਰ ਕਰ ਜਾਂਦੀ ਹਾਂ।ਮਿੱਠੇ ਬਣ ਛੁਰਾ ਖੋਭ ਜਾਂਦੇ ਨੇ ਪਿੱਠ ਪਿੱਛੇ ।

ਪਰ ਮੈਂ ਨਾਸਮਝ ਦਿਲ ਨੂੰ ਬੇਕਰਾਰ ਕਰ ਜਾਂਦੀ ਹਾਂ।ਮੈਂ ਅਣਭੋਲ ਸਮਝ ਸਕਦੀ ਹੀ ਨਹੀਂ ਸਾਜਿਸ਼ਾਂ ਜਮਾਨੇ ਦੀਆਂ ।

ਧੋਖਾ ਖਾ ਕੇ ਵੀ ਫਿਰ ਇਕਰਾਰ ਕਰ ਜਾਂਦੀ ਹਾਂ।ਮਨਸੂਬੇ ਅਕਸਰ ਮਾੜੇ ਹੀ ਲੈਕੇ ਆਉਂਦੇ ਨੇ ਲੋਕ ਮਖੌਟੇ ਪਾ ਕੇ।

ਪਰ ਕਿਉਂ ਮੈਂ ਇਸ ਸੱਚ ਨੂੰ ਮੰਨਣ ਤੋਂ ਇਨਕਾਰ ਕਰ ਜਾਂਦੀ ਹਾਂ।

✍️ਹਰਵਿੰਦਰ ਕੌਰ ਕਾਹਲੋਂ

## ਮਾਂ ਬੋਲੀ



ਇੱਕ ਇੱਕ ਕੀਮਤੀ ਮਣਕਾ 'ਕੱਠਾ ਕਰਕੇ,
ਪੈਂਤੀ ਮਣਕਿਆਂ ਦੀ ਮਾਲਾ ਤਿਆਰ ਕੀਤੀ।
ਹਰ ਬਣਦੀ ਥਾਂ ਤੇ ਲਾ ਕੇ ਢੁੱਕਵਾਂ ਮਣਕਾ,
ਇਸ ਮਾਲਾ ਦੀ ਮੈਂ ਖੂਬ ਸ਼ਿੰਗਾਰ ਕੀਤੀ।
ਜਨਮ ਤੋਂ ਹੀ ਇਹ ਮਿਲੀ ਮਾਲਾ ਮੈਨੂੰ,
ਮੈਂ ਸਦਾ ਇਸ ਮਾਲਾ ਦੀ ਜੈ ਜੈ ਕਾਰ ਕੀਤੀ।
ਜਿਸ ਮਾਂ ਨੇ ਬਖਸ਼ੀ ਇਹ ਮਾਲਾ ਮੈਨੂੰ,
ਮੈਂ ਉਸ ਮਾਂ ਨੂੰ ਵੀ ਦਿਲੋਂ ਨਮਸਕਾਰ ਕੀਤੀ।
ਗੁਰੂਆਂ ਪੀਰਾਂ ਵੀ ਦਿੱਤਾ ਸਤਿਕਾਰ ਇਸ ਨੂੰ,
ਤੇ ਇਹ ਉੱਚੀ ਵਿੱਚ ਸਾਰੇ ਸੰਸਾਰ ਕੀਤੀ।
ਪਰ ਉਹਨਾਂ ਲੋਕਾਂ ਦੀ ਪਵੇ ਨਾ ਸਮਝ ਕੋਈ,
ਜਿੰਨਾ ਚੰਦ ਛਿੱਲੜਾਂ ਪਿੱਛੇ ਖੁਆਰ ਕੀਤੀ।
ਹਰ ਮਾਲਾ ਦਾ ਕਰਨਾ ਬਣਦਾ ਹੈ ਸਤਿਕਾਰ,
ਪਰ ਆਪਣੀ ਮਾਲਾ ਕਿਉਂ ਦਰ ਕਿਨਾਰ ਕੀਤੀ।
ਸ਼ੋਸ਼ਲ ਮੀਡੀਏ ਤੇ ਵੀ ਉੱਠ ਖੜ੍ਹੇ ਵਾਰਿਸ ਬੜੇ,
ਪਰ ਦਿਲ ਤੋਂ ਨਾ ਕਿਸੇ ਸਤਿਕਾਰ ਕੀਤੀ।
ਪੁੱਠੇ ਸਿੱਧੇ ਮਣਕੇ ਹਮੇਸ਼ਾ ਰਹਿੰਦੇ ਨੇ ਜੜਦੇ,
ਇਨ੍ਹਾ ਸਾਡੀ ਸੋਹਣੀ ਮਾਲਾ ਸ਼ਰਮਸਾਰ ਕੀਤੀ।
ਲਹਿਰੀ ਮੀਆਂ ਪੁਰੀ ਉਨ੍ਹਾ ਤੋਂ ਜਾਵੇ ਬਲਿਹਾਰੇ,
ਜਿੰਨਾ ਉੱਚੀ ਮਾਲਾ ਸੱਤ ਸਮੁੰਦਰੋਂ ਪਾਰ ਕੀਤੀ।
ਇੱਕ ਇੱਕ ਕੀਮਤੀ ਮਣਕਾ ਇਕੱਠਾ ਕਰਕੇ,
ਪੈਂਤੀ ਮਣਕਿਆਂ ਦੀ ਮਾਲਾ ਇੱਕ ਤਿਆਰ ਕੀਤੀ।

ਬਲਬੀਰ ਸਿੰਘ ਲਹਿਰੀ
ਤਰਨ ਤਾਰਨ
ਮੋਬਾਇਲ 9815467002

## ਰੀਝਾਂ ਨੂੰ ਜਦ ਸਾਂਭ ਸੰਦੂਕੇ ਕਿਸਮਤ ਭੱਜੀ ਅੱਗੇ ਸੀ । ਜਿੰਨ੍ਹਾਂ ਦੇਲੀਆਂ ਲਿੱਪੀਆਂ ਪੈਰਾਂ ਨੂੰ ਓਹਨਾ ਹੱਥੋਂ ਠੱਗੇ ਸੀ।



ਰੀਝਾਂ ਨੂੰ ਜਦ ਸਾਂਭ ਸੰਦੂਕੇ ਕਿਸਮਤ ਭੱਜੀ ਅੱਗੇ ਸੀ ।
ਜਿੰਨ੍ਹਾਂ ਦੇਲੀਆਂ ਲਿੱਪੀਆਂ ਪੈਰਾਂ ਨੂੰ ਓਹਨਾ ਹੱਥੋਂ ਠੱਗੇ ਸੀ।
ਬੂ ਤੇ ਆਉਂਦੀ ਹੋਣੀ ਸਰਹੱਦ ਖੜ੍ਹਕੇ ਦੋਨਾਂ ਭਾਈਆਂ ਨੂੰ ,
ਗਲ ਤੋਂ ਵੱਢੇ ਸੁਪਨਿਆਂ ਦੇ ਜਦ ਖੂਨ ਦਰਿਆ ਚ ਵੱਗੇ ਸੀ।
ਲੱਗਦੈ ਕੁੱਝ ਤੇ ਰਹਿ ਗਿਆ ਉੱਥੇ ਜਾ ਕੇ ਪੁੱਛਾਂ ਜੀ ਕਰਦਾ,
ਗਲ ਚੋਂ ਖਿੱਚੀਆਂ ਚੁੰਨੀਆਂ ਜਿੰਨ੍ਹਾਂ ਓਹ ਕਿਹੜੀ ਮਾਂ ਦੇ ਜੱਗੇ ਸੀ।
ਜੇਬਾਂ ਭਰਕੇ ਸਕੂਨ ਨਹੀਂ ਆਇਆ ਮੌਲਾ ਤੇਰੀਆਂ ਵੰਡਾਂ ਚੋਂ,
ਰਾਜੇ ਸਾਂ ਜਦ ਹੱਥ ਗੁਲੇਲਾਂ ਗਲਾਂ ਚ ਪਾਟੇ ਝੱਗੇ ਸੀ ।
ਮਾਂ ਨੇਂ ਬਹਾਨਾ ਕੀਤਾ ਪੁੱਤਰਾਂ ਕੁੱਝ ਦਿਨ ਰੋਜ਼ੇ ਰੱਖ ਲਈਏ,
ਭਾਂਡੇ ਜੋ ਸਾਰੇ ਘਰਦੇ ਚਿਉਂਦੀ ਛੱਤ ਦੇ ਥੱਲੇ ਲੱਗੇ ਸੀ।

ਰਮਨਦੀਪ ਕੌਰ ਮਾਹਲ
ਬਠਿੰਡਾ।

ਸਾਹਿਤ।

# ਇਹ ਗੱਲ ਮਨ ਦੇ ਕਿਸੇ ਕੋਨੇ ਵਿੱਚ ਵੀ ਨਹੀਂ ਸੀ

## ਵਰਲਡ ਪੰਜਾਬੀ ਕਾਂਗਰਸ ਦੀ ਲਾਹੌਰ ਵਿੱਚ ਹੋਣ ਵਾਲੀ 34 ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਲਈ ਫਾਰਮ ਭਰਦਿਆਂ

ਵਰਲਡ ਪੰਜਾਬੀ ਕਾਂਗਰਸ ਦੀ ਲਾਹੌਰ ਵਿੱਚ ਹੋਣ ਵਾਲੀ 34 ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਲਈ ਫਾਰਮ ਭਰਦਿਆਂ ਇਹ ਗੱਲ ਮਨ ਦੇ ਕਿਸੇ ਕੋਨੇ ਵਿੱਚ ਵੀ ਨਹੀਂ ਸੀ ਕਿ ਕਸੂਰ ਦਾ ਵੀਜ਼ਾ ਵੀ ਮਿਲ ਜਾਵੇਗਾ। ਭਾ ਸਹਿਜਪ੍ਰੀਤ ਮਾਂਗਟ ਹੁਰਾਂ ਜਦ ਵੀਜ਼ੇ ਦੀ ਕਾਪੀ ਵਟਸਐਪ ਕੀਤੀ ਤਾਂ ਪਤਾ ਲੱਗਾ ਸੀ ਕਿ ਕਸੂਰ ਜ਼ਿਲ੍ਹੇ ਵਿੱਚ ਜਾ ਸਕਦੇ ਹਾਂ। ਇਸ ਵੀਜ਼ਾ ਮਿਲਣ ਵਿੱਚ ਸਹਿਜਪ੍ਰੀਤ ਮਾਂਗਟ ਹੁਰਾਂ ਦੀ ਸਖ਼ਤ ਮਿਹਨਤ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਖ਼ੈਰ.... ਸਫ਼ਰ ਸ਼ੁਰੂ ਹੋਇਆ, ਅਟਾਰੀ ਤੋਂ ਹੋਟਲ ਪਾਕ ਹੈਰੀਟੇਜ ਲਾਹੌਰ ਵਾਇਆ ਵਾਹਗਾ..ਵਾਹਗਾ ਬਾਰਡਰ 'ਤੇ ਵਰਲਡ ਪੰਜਾਬੀ ਕਾਂਗਰਸ ਦੇ ਨਵੇਂ ਚੁਣੇ ਜਨਰਲ ਸਕੱਤਰ ਜਨਾਬ ਮੁਫ਼ਤੀ ਸਾਹਿਬ ਅਤੇ ਜਮੀਲ ਸਾਹਿਬ ਦੀ ਅਗਵਾਈ ਹੇਠ ਡੈਲੀਗੇਸ਼ਨ ਦਾ ਸ਼ਹਾਨਾ ਖ਼ੈਰਮਕਦਮ ਕੀਤਾ ਗਿਆ। ਇਹੋ ਜਿਹਾ ਸ਼ਾਹੀ ਸਵਾਗਤ ਹੀ ਡੇਵਿਸ ਰੋਡ ਵਾਲੇ ਪਾਕ ਹੈਰੀਟੇਜ ਹੋਟਲ ਵਿੱਚ ਵੀ ਹੋਇਆ।

ਹੋਟਲ ਦੇ ਹਾਲ ਵਿੱਚ ਕਾਨਫਰੰਸ ਚੱਲ ਰਹੀ ਸੀ ਪਰ ਕਸੂਰ ਜਾਣ ਦੀ ਅੱਚਵੀ ਲੱਗੀ ਹੋਈ ਸੀ ਕਿਉਂਕਿ ਕਸੂਰ ਦੀ ਯਾਤਰਾ ਵਿੱਚ ਚੂਨੀਆਂ ਦੀ ਯਾਤਰਾ ਵੀ ਸ਼ਾਮਿਲ ਸੀ। ਤਜੱਮਲ ਕਲੀਮ ਨੂੰ ਮਿਲਣਾ ਸੀ, ਆਪਣੇ ਵੱਡਿਆਂ ਦੇ ਪਿੰਡ ਜੰਡ ਵਾਲੇ ਦੀ ਮਿੱਟੀ ਨੂੰ ਸਿਜਦਾ ਕਰਨਾ ਸੀ ਤੇ ਬਾਬਾ ਬੁੱਲ੍ਹੇ ਸ਼ਾਹ ਦੇ ਦਰਬਾਰ ਦੀ ਜ਼ਿਆਰਤ ਵੀ ਕਰਨੀ ਸੀ। ਕਸੂਰੀ ਜੁੱਤੀ ਲੈਣੀ ਸੀ ਤੇ ਕਸੂਰੀ ਮੇਥੀ ਦੀ ਖ਼ੁਸ਼ਬੋ ਨੂੰ ਆਪਣੇ ਅੰਦਰ ਮਹਿਸੂਸ ਕਰਨਾ ਸੀ।

ਕਾਨਫਰੰਸ ਮੁੱਕਣ ਤੋਂ ਅਗਲੇ ਦਿਨ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨ ਦਿਦਾਰੇ ਕੀਤੇ (ਵਿਸਥਾਰ ਨਾਲ ਅਗਲੀ ਕੜੀ ਵਿੱਚ)। ਅਗਲੇਰੇ ਦਿਨ ਸਵੇਰੇ ਸਵੇਰੇ ਬਾਬਾ ਇਕਬਾਲ ਕੈਸਰ, ਡਾ.ਸੁਖਦੇਵ ਸਿਰਸਾ, ਸੁਨੀਲ ਕਟਾਰੀਆ ਨਾਲ ਚੂਨੀਆਂ ਵੱਲ ਚਾਲੇ ਪਾ ਦਿੱਤੇ। ਗੱਡੀ ਦਾ ਸਟੀਅਰਿੰਗ ਬਾਬਾ ਇਕਬਾਲ ਕੈਸਰ ਦੇ ਸਨੇਹੀ ਸ਼ਗਿਰਦ ਅਲੀ ਦੇ ਹਵਾਲੇ ਸੀ। ਸਫ਼ਰ ਸ਼ੁਰੂ ਹੁੰਦਿਆਂ ਹੀ ਇਕਬਾਲ ਕੈਸਰ ਅੰਦਰਲੇ ਇਤਿਹਾਸਕਾਰ ਨੇ ਲਾਹੌਰ ਅਤੇ ਕਸੂਰ ਦਾ ਇਤਿਹਾਸ ਫਰੋਲਣਾ ਸ਼ੁਰੂ ਕਰ ਦਿੱਤਾ। ਡਾ.ਸੁਖਦੇਵ ਉਹਨਾਂ ਦਾ ਸਾਥ ਦੇ ਰਹੇ ਸਨ। ਦੋ ਵੱਡੇ ਬੰਦੇ ਜਦੋਂ ਬੋਲ ਰਹੇ ਹੋਣ ਤਾਂ ਮੂੰਹ ਬੰਦ ਰੱਖਣੇ ਚਾਹੀਦੇ ਹਨ , ਕੰਨਾਂ ਅਤੇ ਦਿਮਾਗ਼ ਦੀਆਂ ਖਿੜਕੀਆਂ ਖੁੱਲ੍ਹੀਆਂ।

ਤਜੱਮਲ ਕਲੀਮ ਨੂੰ ਮਿਲ ਕੇ ਪਿੰਡ ਵਾਲੇ ਬਾਬੇ ਹਾਕਮ ਨੂੰ ਜਾ ਮੱਥਾ ਟੇਕਿਆ। ਅਗਲੀ ਯਾਤਰਾ ਕਸੂਰ ਦੀ ਸੀ। ਉੱਥੇ ਜਾ ਕੇ ਪਹਿਲਾਂ ਜ਼ਿਲ੍ਹਾ ਪੁਲਿਸ ਦਫ਼ਤਰ ਵਿੱਚ ਹਾਜ਼ਰੀ ਭਰੀ। ਫਿਰ ਦਰਬਾਰ ਵੱਲ ਚੱਲ ਪਏ। ਬਜ਼ਾਰ ਜਾਣ ਦੀ ਇਜਾਜ਼ਤ ਨਾ ਮਿਲੀ ਤਾਂ ਕਸੂਰੀ ਜੁੱਤੀ ਵਾਲਾ ਚਾਅ ਪੂਰਾ ਨਾ ਹੋਇਆ। ਹਾਂ ਕਸੂਰੀ ਮੇਥੀ ਦਰਬਾਰ ਵਿੱਚੋਂ ਹੀ ਮਿਲ ਗਈ ਸੀ।

ਕਸੂਰ ਦਾ ਇਤਿਹਾਸ ਇੱਕ ਹਜ਼ਾਰ ਵਰ੍ਹੇ ਤੋਂ ਪੁਰਾਣਾ ਹੈ। ਰਿਟਿਸ਼ ਹੁਕਮਰਾਨਾਂ ਦੇ ਕਬਜ਼ੇ ਵਿੱਚ ਆਉਣ ਵਾਲੇ ਆਖਰੀ ਸ਼ਹਿਰਾਂ ਚੋਂ ਇੱਕ ਕਸੂਰ ਹੈ। ਸ਼ਾਹ ਇਨਾਇਤ ਕਾਦਰੀ ਦੇ ਸ਼ਗਿਰਦ ਸੂਫ਼ੀ ਸ਼ਾਇਰ ਬਾਬਾ ਬੁੱਲ੍ਹੇ ਸ਼ਾਹ ਦੀ ਆਖਰੀ ਆਰਾਮਗਾਹ। ਬੰਧਨਾਂ ਤੋਂ ਮੁਕਤ ਸੂਫ਼ੀ ਸੰਤ, ਨੱਚ ਕੇ ਯਾਰ ਮਨਾਵਣ ਵਾਲਾ, ਰਾਂਝੇ ਮਾਹੀ ਨੂੰ ਆਪਣਾ ਮੱਕਾ ਕਹਿਣ ਵਾਲਾ ਬੁੱਲ੍ਹੇ ਸ਼ਾਹ। "ਨਾ ਹਮ ਹਿੰਦੂ ਨਾ ਤੁਰਕ ਜ਼ਰੂਰੀ, ਨਾਮ ਇਸ਼ਕ ਦੀ ਹੈ ਮਨਜ਼ੂਰੀ " ਦੇ ਐਲਾਨਨਾਮੇ ਨੂੰ ਆਪਣੇ ਧੁਰ ਅੰਦਰ ਤੱਕ ਵਸਾਉਣ ਵਾਲਾ ਸੂਫ਼ੀ ਫ਼ਕੀਰ ਜੋ ਸਦੀਆਂ ਤੱਕ ਪੰਜਾਬੀ ਜਨ ਮਾਨਸ ਦੀ ਚੇਤਨਾ ਦਾ ਹਿੱਸਾ ਰਹੇਗਾ ਅਤੇ ਪੰਜਾਬੀਆਂ ਦੀ ਸੋਚ ਨੂੰ ਮੁਤਾਸਿਰ ਕਰਦਾ ਰਹੇਗਾ।

ਕਸੂਰ ਸ਼ਹਿਰ ਦੇ ਅੰਦਰੂਨੀ ਹਿੱਸੇ ਵਿੱਚ ਬਣੀ ਬਾਬਾ ਬੁੱਲ੍ਹੇ ਸ਼ਾਹ ਦੀ ਖ਼ੂਬਸੂਰਤ ਦਰਗਾਹ , ਆਰਕੀਟੈਕਚਰ ਦਾ ਖ਼ੂਬਸੂਰਤ ਨਮੂਨਾਹੈ। ਬਹੁਤ ਖੁੱਲ੍ਹਾ ਵਿਹੜਾ, ਇੱਕ ਕੋਨੇ ਵਿੱਚ ਦਰਗਾਹ,ਦਰਗਾਹ ਤੇ ਸਿਰ ਝੁਕਾਉਂਦਿਆਂ ਮਨ ਵਿੱਚ ਵੱਖਰੇ ਜਿਹੇ ਅਹਿਸਾਸ ਲਹਿਰੀਆ ਪਾ ਰਹੇ ਸਨ। ਮਜਲਿਸ ਬਾਬਾ ਬੁੱਲ੍ਹੇ ਸ਼ਾਹ ਕਸੂਰ ਵਾਲੇ ਮਿੱਤਰਾਂ ਜਨਾਬ ਖ਼ਾਦਮ ਅਲੀ ਖੋਖਰ (ਸਦਰ), ਤਾਰਿਕ ਰਸ਼ੀਦ ਸੈਨੇਟਰ,ਪ੍ਰੋਫੈਸਰ ਮੁਨੱਵਰ ਗ਼ਨੀ (ਨਾਇਬ ਸਦਰ), ਮੁਹੰਮਦ ਸ਼ਰੀਫ਼ ਅੰਜੁਮ (ਜਨਰਲ ਸਕੱਤਰ), ਹਾਫ਼ਿਜ਼ ਬਸ਼ਾਰਤ,ਲਾਲਾ ਗ਼ੁਲਾਮ ਮੁਰਤਜ਼ਾ, ਅਰਸਲਾਨ ਜਾਵੇਦ, ਸ਼ੇਖ਼ ਮੁਹੰਮਦ ਅਲੀ ਗੁਨਾਹਗਾਰ ਨੇ ਆਪਣੇ ਹੋਰ ਕਾਰਕੁਨਾਨ ਨਾਲ ਹਾਰ ਪਾ ਕੇ ਅਤੇ ਸਰੋਪੇ ਦੇ ਕੇ ਤਮਾਮ ਡੈਲੀਗੇਸ਼ਨ ਦਾ ਸਵਾਗਤ ਕੀਤਾ।

ਦਰਬਾਰ ਦੇ ਖੁੱਲ੍ਹੇ ਵਿਹੜੇ ਵਿੱਚ ਕਵਾਲ ਬਾਬਾ ਬੁੱਲ੍ਹੇ ਸ਼ਾਹ ਦਾ ਕਲਾਮ ਗਾ ਰਹੇ ਸਨ "ਕਦੇ ਆ ਮਿਲ ਯਾਰ ਪਿਆਰਿਆ" "ਸਾਹਮਣੇ ਹੋਵੇ ਯਾਰ ਤਾਂ ਨੱਚਣਾ ਪੈਂਦਾ ਏ" "ਕੀ ਬੇਦਰਦਾਂ ਸੰਗ ਯਾਰੀ" ਮਾਹੌਲ ਬਣਿਆਂ ਹੋਇਆ ਸੀ। ਇੱਕ ਵਜਦ ਤਾਰੀ ਸੀ। ਉੱਠਣ ਨੂੰ ਮਨ ਨਹੀਂ ਕਰ ਰਿਹਾ ਸੀ ਪਰ ਢਲਦੀ ਸ਼ਾਮ ਕੁਝ ਹੋਰ ਇਸ਼ਾਰੇ ਕਰ ਰਹੀ ਸੀ ।

ਮੈਂ ਤੇ ਸੁਨੀਲ ਫ਼ਿਰੋਜ਼ਪੁਰ ਵੱਲ ਇਸ਼ਾਰਾ ਕਰਕੇ ਕਹਿ ਰਹੇ ਸਾਂ ਕਿ ਵੇਖੋ ਫ਼ਿਰੋਜ਼ਪੁਰ ਕਿੰਨੀ ਕੁ ਦੂਰ ਹੈ । ਨਵਦੀਪ ਗਿੱਲ ਭਲਾ ਇਹ ਮੌਕਾ ਕਿਵੇਂ ਗੁਆ ਦਿੰਦਾ। ਉਸਨੇ ਤਸਵੀਰ ਖਿੱਚ ਲਈ ਅਤੇ ਸਾਡੇ ਲਾਗੇ ਆ ਕੇ ਕਹਿਣ ਲੱਗਾ ਕਿ ਇਸਦੀ ਕੈਪਸ਼ਨ ਹੋਣੀ ਚਾਹੀਦੀ ਹੈ....ਕਸੂਰ ਤੋਂ ਫ਼ਿਰੋਜ਼ਪੁਰ
ਕਿੰਨਾ ਨੇੜੇ ਕਿੰਨਾ ਦੂਰ...

ਅਸੀਂ ਹੁਣ ਇਕਬਾਲ ਕੈਸਰ ਦੇ ਸੁਪਨਿਆਂ ਦੇ ਸੰਸਾਰ "ਪੰਜਾਬੀ ਖੋਜਗੜ੍ਹ" ਫੇਰੀ ਪਾਉਣੀ ਸੀ ਪਰ ਗੱਡੀ ਵਿੱਚ ਬੈਠਦਿਆਂ ਅਸੀਂ ਬਾਬਾ ਬੁੱਲ੍ਹੇ ਸ਼ਾਹ ਨਾਲ ਜੁੜੀਆਂ ਕਿੰਨੀਆਂ ਹੀ ਦੰਦਕਥਾਵਾਂ ਦੀ ਚਰਚਾ ਕਰ ਹੀ ਰਹੇ ਸਾਂ ਕਿ ਅਚਾਨਕ ਕੈਸਰ ਸਾਹਿਬ ਨੇ ਕਿਹਾ," ਇਹ ਫ਼ਿਰੋਜ਼ਪੁਰ ਰੋਡ ਹੈ, ਸਾਹਮਣੇ ਵਾਲੇ ਪਾਸੇ ਨੂੰ ਨਾਲ ਹੀ ਕਾਦੀਵਿੰਡ ਹੈ।" ਸੁਣਦਿਆਂ ਹੀ ਪਿੰਡੇ ਵਿੱਚ ਝਰਨਾਹਟ ਛਿੜ ਪਈ। ਕਾਦੀਵਿੰਡ ਸੋਹਣ ਸਿੰਘ ਸੀਤਲ ਦਾ ਪਿੰਡ ਹੈ। ਸੋਹਣ ਸਿੰਘ ਸੀਤਲ ਜਿਸ ਦੀਆਂ



ਢਾਡੀ ਵਾਰਾਂ ਸੁਣ ਕੇ ਵੱਡੇ ਹੋਏ ਸਾਂ। ਚੌਦਾਂ ਪੰਦਰਾਂ ਵਰ੍ਹਿਆਂ ਦੇ ਜੁਆਕ ਨੂੰ ਕਿੰਨੀ ਕੁ ਸਮਝ ਹੁੰਦੀ ਏ (ਇਹ ਮੈਂ ਅੱਜ ਦੀ ਪੀੜ੍ਹੀ ਦੀ ਗੱਲ ਨਹੀਂ ਕਰ ਰਿਹਾ ਸਗੋਂ ਚਾਲੀ ਪੰਜਤਾਲੀ ਸਾਲ ਪਹਿਲੇ ਜੁਆਕਾਂ ਦੀ ਗੱਲ ਕਰ ਹੈ) ਪਰ ਉਦੋਂ ਵੀ "ਸਿੱਖ ਰਾਜ ਕਿਵੇਂ ਗਿਆ" ਸੁਣ ਕੇ ਅੱਖਾਂ ਭਿੱਜ ਜਾਂਦੀਆਂ ਸਨ। ਆਪਣੇ ਢਾਡੀ ਜਥੇ ਦਾ ਉਹ ਆਪ ਮੋਹਰੀ ਸੀ। ਢੱਡ ਅਤੇ ਸਾਰੰਗੀ ਦੀ ਸਿਖਲਾਈ ਉਸਨੇ ਲਲਿਆਣੀ ਵਾਲਾ ਬਾਬਾ ਚਰਾਗ਼ਦੀਨ ਪਾਸੋਂ ਲਈ ਸੀ। ਲਲਿਆਣੀ ਹੀ ਤਾਂ ਜਾਣਾ ਸੀ ਅਸੀਂ । ਖੋਜਗੜ੍ਹ ਲਲਿਆਣੀ ਵਿੱਚ ਹੀ ਹੈ। ਅਕਰਮ ਸ਼ੇਖ਼ ਵੀ ਇੱਥੋਂ ਦਾ ਸੀ ਤੇ ਅਲੀਮ ਸ਼ਕੀਲ ਵੀ। ਹੁਣ ਦੋਵੇਂ ਇਸ ਦੁਨੀਆਂ ਵਿੱਚ ਨਹੀਂ ਹਨ । ਵੇਖਿਆ ਗੱਲ ਤਾਂ ਕਸੂਰ ਤੋਂ ਸ਼ੁਰੂ ਹੋਈ ਸੀ,ਦਰਬਾਰ ਬਾਬਾ ਬੁੱਲ੍ਹੇ ਸ਼ਾਹ ਤੋਂ ਹੁੰਦੀ ਹੋਈ ਵਾਇਆ ਸੋਹਣ ਸਿੰਘ ਸੀਤਲ ਅਕਰਮ ਸ਼ੇਖ਼ ਤੱਕ ਪੁੱਜ ਗਈ। ਹਜ਼ੂਰ ਇਹ ਰਿਸ਼ਤਿਆਂ ਦਾ ਸਫਰਨਾਮਾ ਹੈ, ਮੁਹੱਬਤਾਂ ਦੀ ਯਾਤਰਾ ।ਇਸ ਵਿੱਚ ਸਿੱਧਾ ਸਿੱਧਾ ਕੁਝ ਨਹੀਂ ਹੁੰਦਾ।ਇਸ ਤਰ੍ਹਾਂ ਦੇ ਮੋੜ ਘੋੜ ਤਾਂ ਆਉਂਦੇ ਹੀ ਰਹਿਣਗੇ।

ਇਸੇ ਦੌਰ ਵਿੱਚ ਹੀ "ਤੂਤਾਂ ਵਾਲਾ ਖੂਹ" ਪੜ੍ਹਿਆ ਸੀ। ਇਲਮਦੀਨ, ਸੱਜਣ ਸਿੰਘ ਅਤੇ ਧੰਨੋਸ਼ਾਹ ਜਾਣੇ ਪਛਾਣੇ ਜਿਹੇ ਜੀਅ ਲੱਗਦੇ ਸਨ। ਬਾਬਾ ਅਕਾਲੀ ਤਾਂ ਜਿਵੇਂ ਆਪਣੇ ਟੱਬਰ ਦਾ ਹੀ ਕੋਈ ਵੱਡ ਵਡੇਰਾ ਹੋਵੇ। ਸੁਚੱਜੀ ਜ਼ਿੰਦਗੀ ਦਾ ਸੁਨੇਹਾ ਦਿੰਦਾ, ਸੱਚ ਤੇ ਪਹਿਰਾ ਦੇਣ ਦੀ ਜਾਚ ਸਿਖਾਉਂਦਾ ।ਡਿੱਗੇ ਢੱਠਿਆਂ ਨੂੰ ਹੌਸਲਾ ਦੇ ਕੇ ਉਠਾਉਂਦਾ ਕਿੰਨਾ ਪਿਆਰਾ ਮਨੁੱਖ। 1981-82 ਵਿੱਚ ਪੜ੍ਹਿਆ ਸੀ ਇਹ ਨਾਵਲ ਪਰ ਅੱਜ ਵੀ ਇਸ ਨਾਵਲ ਦੀ ਕਹਾਣੀ ਪੂਰੀ ਦੀ ਪੂਰੀ ਯਾਦ ਹੈ। ਇਹ ਸੀਤਲ ਦੀ ਕਲਮ ਦੀ ਸ਼ਕਤੀ ਹੈ। ਇਹ "ਤੂਤਾਂ ਵਾਲਾ ਖੂਹ" ਅਤੇ "ਦੁਖੀਏ ਮਾਂ ਪੁੱਤ "ਇੱਥੇ ਕਾਦੀਵਿੰਡ ਵਿੱਚ ਹੀ ਲਿਖੇ ਗਏ।

ਇਸੇ ਕਾਦੀਵਿੰਡ ਅਤੇ ਤਰਗੇ ਦੀ ਹੱਦ ਤੇ ਗੁਰੂ ਅਮਰਦਾਸ ਜੀ ਦੇ ਪ੍ਰੇਮ ਇਹਨਾਂ ਦੋਹਾਂ ਪਿੰਡਾਂ ਦੀ ਸੰਗਤ ਵੱਲੋਂ ਉਸਾਰਿਆ ਗਿਆ ਗੁਰਦੁਆਰਾ ਝਾੜੀ ਸਾਹਿਬ ਹੈ।

ਬਹੁਤ ਮਨ ਸੀ ਕਿ ਕਿ ਕਾਦੀਵਿੰਡ ਦਾ ਗੇੜਾ ਕੱਢਿਆ ਜਾਏ ਪਰ ਘੜੀ ਦੀਆਂ ਸੂਈਆਂ ਸਾਡੀ ਰਫ਼ਤਾਰ ਨਾਲੋਂ ਕਿਤੇ ਤੇਜ਼ ਭੱਜ ਰਹੀਆਂ ਹਨ...ਲਲਿਆਣੀ ਵਾਲਾ ਖੋਜ ਗੜ੍ਹ ਸਾਡੀ ਉਡੀਕ ਕਰ ਰਿਹਾ ਸੀ ਜਿਸ ਦੇ ਮੁੱਖ ਦਰਵਾਜ਼ੇ ਤੇ ''ਧਰਤੀ ਹੇਠਲੇ ਬਲਦ 'ਅਤੇ ' ਮੈਨੂੰ ਜਾਨਣੈਂ ' ਵਰਗੀਆਂ ਸ਼ਾਹਕਾਰ ਕਹਾਣੀਆਂ ਦੇ ਲੇਖਕ ਕੁਲਵੰਤ ਸਿੰਘ ਵਿਰਕ ਦੇ ਜੱਦੀ ਘਰ ਦੇ ਦਰਵਾਜ਼ੇ ਲੱਗੇ ਹੋਏ ਨੇ।ਇੱਧਰੋਂ ਭਾਈ ਵੀਰ ਸਿੰਘ ਹੁਰੀਂ ਕੰਨਾਂ ਵਿੱਚ ਕਹਿ ਰਹੇ ਸਨ,

"ਰਹੀ ਵਾਸਤੇ ਘੱਤ
'ਸਮੇਂ' ਨੇ ਇੱਕ ਨਾ ਮੰਨੀ,
ਫੜ ਫੜ ਰਹੀ ਧਰੀਕ
'ਸਮੇਂ' ਖਿਸਕਾਈ ਕੰਨੀ ,"

ਅਸੀਂ ਕਾਦੀਵਿੰਡ ਰੋਡ ਨੂੰ ਬੜੀਆਂ ਹਸਰਤ ਭਰੀਆਂ ਨਿਗਾਹਾਂ ਨਾਲ ਵੇਖਦੇ ਹੋਏ ਲਲਿਆਣੀ ਵੱਲ ਨੂੰ ਚਾਲੇ ਪਾ ਦਿੱਤੇ।

ਸਫ਼ਰ ਤਾਂ ਜਾਰੀ ਹੀ ਰਹਿੰਦਾ ਹੈ।

ਲੇਖਕ : ਹਰਮੀਤ ਵਿਦਿਆਰਥੀ।

## ਨਾਭਾ ਕਵਿਤਾ ਉਤਸਵ ਵਿੱਚ ਵਰਿਆਮ ਸੰਧੂ ਜੀ ਨੇ ਜੋ ਗੱਲਾਂ ਕਹੀਆਂ ਉਹ ਸਿੱਧੀਆਂ ਦਿਲ ਵਿੱਚ ਉਤਰੀਆਂ।



ਨਾਭਾ ਕਵਿਤਾ ਉਤਸਵ ਵਿੱਚ ਵਰਿਆਮ ਸੰਧੂ ਜੀ ਨੇ ਜੋ ਗੱਲਾਂ ਕਹੀਆਂ ਉਹ ਸਿੱਧੀਆਂ ਦਿਲ ਵਿੱਚ ਉਤਰੀਆਂ। ਉਹਨਾਂ ਉਹਨਾਂ ਜੋ ਵੀ ਕਿਹਾ ਉਹ ਉਸ ਤੋਂ ਬਹੁਤ ਜਿਆਦਾ ਵੱਧ ਵੱਲ ਇਸ਼ਾਰਾ ਕਰਦਾ ਹੈ। ਜਿਸ ਨੇ ਉਹਨਾਂ ਦੀ ਪਤੀ ਪਤਨੀ ਦੀ ਰਿਟਾਇਰਮੈਂਟ ਤੋਂ ਬਾਅਦ ਵਾਲੀ ਯੋਜਨਾ ਵਾਲੀ ਕਵਿਤਾ ਸੁਣੀ ਹੋਵੇ ਉਹ ਹਰਗਿਜ਼ ਇਹ ਨਹੀਂ ਕਹੇਗਾ ਕਿ ਉਹ ਕਵੀ ਨਹੀਂ ਹਨ। ਬਹੁਤ ਸਾਰੇ ਨਾਮਵਰ ਕਵੀਆਂ ਤੋਂ ਬਿਹਤਰ ਕਵਿਤਾ ਲਿਖ ਲੈਂਦੇ ਹਨ। ਉਹਨਾਂ ਦਾ ਇਸ਼ਾਰਾ ਇਸ ਗੱਲ ਵੱਲ ਹੀ ਸੀ ਕਿ ਬਹੁਤ ਕਵੀ ਕਹਾਉਣ ਵਾਲੇ ਭੁਲੇਖੇ ਵਿੱਚ ਹਨ। ਉਨਾਂ ਨੇ ਆਪਣਾ ਨਿੱਕੇ ਜਿਹੇ ਨਾਂ ਦੀ ਗੱਲ ਕਰਕੇ ਦਰਅਸਲ ਇਹ ਕਿਹਾ ਹੈ ਕਿ ਇਸ ਨਾਲ ਉਹਨਾਂ ਨੂੰ ਬਹੁਤਾ ਫਰਕ ਨਹੀਂ ਪਿਆ। ਪਰ ਬਹੁਤਿਆਂ ਨੂੰ ਇਸ ਨਾਲ ਬਹੁਤ ਫਰਕ ਪੈਂਦਾ ਹੈ। ਕਿਸੇ ਦਾ ਨਾਂ ਕਿੰਨਾ ਵੀ ਵੱਡਾ ਕਰਕੇ ਲਿਖਿਆ ਜਾਵੇ ਜੇਕਰ ਉਸ ਦੀ ਸ਼ਖਸੀਅਤ ਦਾ ਕੱਦ ਉੱਚਾ ਨਹੀਂ ਤਾਂ ਉਹ ਉੱਚਾ ਨਹੀਂ ਹੋਵੇਗਾ। ਠੀਕ ਇਸੇ ਤਰ੍ਹਾਂ ਕਿਸੇ ਦਾ ਨਾ ਕਿੰਨਾ ਵੀ ਛੋਟਾ ਕਰਕੇ ਲਿਖ ਦਿਓ ਜੇ ਉਸਦੀ ਸ਼ਖਸੀਅਤ ਦਾ ਕੱਦ ਉੱਚਾ ਹੈ ਤਾਂ ਉਹ ਉੱਚਾ ਹੀ ਰਹੇਗਾ। ਅੱਜ ਸਾਹਿਤ ਵਿੱਚ ਜੋ ਵਰਤਾਰਾ ਵਾਪਰ ਰਿਹਾ ਹੈ ਉਹ ਅਸੀਂ ਸਾਰੇ ਹੀ ਦੇਖ ਰਹੇ ਹਾਂ। ਕੁਝ ਲੋਕਾਂ ਨੂੰ ਭਰਮ ਹੋ ਗਿਆ ਹੈ ਕਿ ਸ਼ਾਇਦ ਸਿਰਫ ਉਹੀ ਪੰਜਾਬ ਨੂੰ ਬਚਾਉਣ ਵਾਲੇ ਹਨ ਤੇ ਪੰਜਾਬੀ ਸਾਹਿਤ ਦੇ ਰਾਖੇ ਹਨ। ਅਜਿਹਾ ਕੁਝ ਵੀ ਨਹੀਂ। ਇੱਕ ਹੋਰ ਹੈਰਾਨ ਕਰ ਦੇਣ ਵਾਲੀ ਗੱਲ ਹੈ ਕਿ ਇੱਕ ਗਜ਼ਲਗੋ ਨੇ ਇੱਕ ਪੋਸਟ ਲਿਖੀ ਹੈ ਕਿ ਮੇਰੇ ਮਨ ਵਿੱਚ ਉਸ ਮਹਾਨ ਸ਼ਖਸੀਅਤ ਦਾ ਕੱਦ ਛੋਟਾ ਹੋ ਗਿਆ। ਦਿਲਚਸਪ ਗੱਲ ਇਹ ਹੈ ਕਿ ਉਸ ਦਾ ਆਪਣਾ ਸਾਹਿਤਿਕ ਕਦ ਤੇ ਕਿਰਦਾਰ ਕਿੰਨਾ ਕੁ ਉੱਚਾ ਹੈ ਕਿ ਉਹ ਵਰਿਆਮ ਸੰਧੂ ਜੀ ਬਾਰੇ ਅਜਿਹੀ ਗੱਲ ਕਹਿਣ ਲੱਗਾ। ਬੰਦੇ ਨੂੰ ਬੋਲਣ ਤੋਂ ਪਹਿਲਾਂ ਲਿਖਣ ਤੋਂ ਪਹਿਲਾਂ ਸੋਚ ਲੈਣਾ ਚਾਹੀਦਾ। ਜੋ ਦਲੇਰੀ ਵਰਿਆਮ ਸੰਧੂ ਵਿੱਚ ਬੇਬਾਕੀ ਨਾਲ ਆਪਣੀ ਗੱਲ ਕਹਿਣ ਦੀ ਹੈ ਉਹ ਸਾਹਿਤ ਜਗਤ ਵਿੱਚ ਕਿਸੇ ਵਿੱਚ ਨਹੀਂ। ਉਹ ਬੜੀ ਸਾਫਗੋਈ ਤੇ ਸਪਸ਼ਟਤਾ ਨਾਲ ਆਪਣੀ ਗੱਲ ਕਹਿ ਜਾਂਦੇ ਹਨ। ਉਹਨਾਂ ਦੀ ਥਾਂ ਤੇ ਜੇ ਕੋਈ ਹੋਰ ਵੱਡੇ ਨਾਂ ਵਾਲਾ ਹੁੰਦਾ ਤਾਂ ਸ਼ਾਇਦ ਉਸ ਕਵਿਤਾ ਉਤਸਵ ਵਿੱਚ ਆਉਂਦਾ ਹੀ ਨਾ ਇਹ ਕਹਿ ਕੇ ਕਿ ਮੇਰਾ ਨਾਂ ਤਾਂ ਛੋਟਾ ਲਿਖਿਆ ਹੈ। ਪਰ ਜਿਸ ਸੂਰਮੇ ਦਾ ਆਪਣਾ ਸਾਹਿਤਿਕ ਕਦ ਉੱਚਾ ਹੈ ਉਸ ਨੂੰ ਨਾਂ ਛੋਟੇ ਲਿਖੇ ਨਾਲ ਕੋਈ ਫਰਕ ਨਹੀਂ ਪਿਆ।

ਆਪਸੀ ਈਰਖਾ ਤੇ ਇੱਕ ਦੂਜੇ ਨੂੰ ਘਟਾ ਕੇ ਦੱਸਣ ਵਾਲੇ ਲੋਕਾਂ ਦੀ ਭੀੜ ਵਿੱਚ ਵਰਿਆਮ ਸੰਧੂ ਹੀ ਹੈ ਜੋ ਸਿਰ ਉੱਚਾ ਕਰਕੇ ਖੜ੍ਹਾ ਹੈ। ਅਜਿਹਾ ਕੋਈ ਵਿਰਲਾ ਬੰਦਾ ਨਹੀਂ ਕਰ ਸਕਦਾ ਹੈ। ਉਹਨਾਂ ਨੇ ਆਪਣੀਆਂ ਗੱਲਾਂ ਵਿੱਚ ਬਹੁਤ ਵੱਡੇ ਵਰਤਾਰਿਆਂ ਵੱਲ ਇਸ਼ਾਰਾ ਕੀਤਾ ਹੈ। ਪੰਜਾਬ ਦੀ ਕਹਾਣੀ ਦੇ ਸਿਰਮੌਰ ਕਹਾਣੀਕਾਰ ਵਰਿਆਮ ਸੰਧੂ ਦੀਆਂ ਗੱਲਾਂ ਵਿੱਚ ਬਹੁਤ ਕੁਝ ਲੁਕਿਆ ਹੈ। ਉਹਨਾਂ ਨੇ ਆਪਣੀਆਂ ਗੱਲਾਂ ਵਿੱਚ ਸਾਰੇ ਸਾਹਿਤਿਕ ਵਰਤਾਰੇ ਨੂੰ ਖੋਲ ਕੇ ਰੱਖ ਦਿੱਤਾ ਹੈ। ਇਹ ਗੱਲਾਂ ਬਹੁਤੇ ਚੌਧਰੀਆਂ ਤੋਂ ਹਜਮ ਨਹੀਂ ਹੋਣੀਆਂ। ਪਰ ਉਸ ਸੂਰਮੇ ਨੂੰ ਕੀ ਪਰਵਾਹ।

ਲੇਖਕ : ਹਰਪ੍ਰੀਤ ਕੌਰ ਸੰਧੂ।

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਦੇਵਦਾਸੀ" ( ਰਣਜੀਤ ਕੌਰ ਗੁੱਡੀ ਤਰਨ ਤਾਰਨ)



ਦੇਵਦਾਸ ਅਤੇ ਦੇਵਦਾਸੀ ਦੇ ਸ਼ਾਬਦਿਕ ਅਰਥ ਹਨ ,ਦੇਵਤੇ ਦੇਵੀਆਂ ਦਾ ਦਾਸ ਤੇ ਦਾਸੀਆਂ,ਅੰਗਰੇਜੀ ਵਿੱਚ ਇਸਨੂੰ " ਸਰਵੇਂਟ ਆਫ ਗਾਡ" ਦਾ ਤਖ਼ਲਸ ਦਿੱਤਾ ਜਾਂਦਾ ਹੈ।

ਬੱਚੀਆਂ ਨੂੰ ਦੇਵਦਾਸੀ ਬਣਾ ਦੇਣ ਦੀ ਰੀਤਪਿਛਲੇ ਹਜਾਰਾਂ ਸਾਲਾਂ ਤੋਂ ਚਲੀ ਆ ਰਹੀ ਹੈ।ਜਿਵੇਂ ਧਰਮ ਦੇ ਨਾਮ ਤੇ ਆਮ ਸੰਗਤਾਂ ਨੂੰ ਧਰਮ ਦੇ ਠੇਕੇਦਾਰ ਠੱਗ ਲੈਂਦੇ ਹਨ ਤੇ ਇਸ ਠੱਗੀ ਦੀ ਬਹੁਤੀ ਮਾਰ ਔਰਤਾਂ ਨੂੰ ਸਹਿਣੀ ਪੈਂਦੀ ਹੈ,ਉਸ ਤਰਾਂ ਹੀ ਇਸ ਦੇਵਦਾਸੀ ਬਣਾਉਣ ਵਿੱਚ ਵੀ ਕਿਸੇ ਵੀ ਬੱਚੀ ਦੇ ਮਾਪਿਆਂ ਨੂੰ ਦਸਿਆ ਜਾਂਦਾ ਹੈ ਕਿ ਇਸ ਕੁੜੀ ਤੇ ਦੇਵ ਦਾ ਹੱਕ ਹੋ ਗਿਆ ਹੈ ਇਸ ਲਈ ਇਸਨੂੰ ਮੰਦਿਰ ਚ ਰਹਿਣਾ ਹੋਵੇਗਾ ਭਗਵਾਨ ਦੀ ਸੇਵਾ ਲਈ।ਇਹ ਕੁੜੀਆਂ ਅੱਠ ਸਾਲ ਤੋਂ ਸੋਲਾਂ ਸਾਲ ਤੱਕ ਦੀ ਉਮਰ ਦੀਆਂ ਹੁੰਦੀਆਂ ਹਨ।ਸੇਵਾ ਦੇ ਨਾਮ ਤੇ ਇਹ ਵੱਡੀ ਪੱਧਰ ਦਾ ਸੋਸ਼ਣ ਹੈ।ਤੇ ਧਾਰਮਿਕ ਕੁਰੀਤੀ ਹੈ।ਕੁੜੀਆਂ ਨੂੰ ਭਾਰਤ ਨਾਟਿਅਮ ਸਿਖਾ ਕੇ ਪੁਜਾਰੀਆਂ ਅਤੇ ਧਨਵੰਤਿਆਂ ਦੀ ਹਾਜਰੀ ਵਿੱਚ ਨਚਾਇਆ ਜਾਂਦਾ ਹੈ।ਧੰਨਵੰਤੇ ਪਤਵੰਤੇ ਇਹਨਾਂ ਦੀ ਖ੍ਰੀਦ ਵੇਚ ਵੀ ਕਰਦੇ ਹਨ,ਅਤੇ ਇਹ ਪੁਜਾਰੀਆਂ ਦੀ ਕਮਾਈ ਦਾ ਸਾਧਨ ਵੀ ਹਨ।

ਅਸਲ ਵਿੱਚ ਇਹ ਪੂਜਾ ਦੇ ਨਾਮ ਤੇ ਵੇਸਵਾਵ੍ਰਤੀ ਹੈ। ਵੱਡੀ ਉਮਰ ਹੋ ਜਾਣ ਤੇ ਇਹਨਾਂ ਨੂੰ ਨਕਾਰਾ ਕਰਾਰ ਦੇ ਦਿਤਾ ਜਾਂਦਾ ਹੈ,ਤੇ ਫਿਰ ਇਹਨਾਂ ਨੂੰ ਪੇਟ ਭਰਨ ਲਈ ਭੀਖ ਮੰਗਣੀ ਪੈਂਦੀ ਹੈ।

ਦਸਿਆ ਜਾਂਦਾ ਹੈ ਕਿ ਇਹ ਦੇਵਦਾਸੀ ਸਿਲਸਿਲਾ ਛੇਂਵੀ ਸਦੀ ਤੋਂ ਸ਼ੁਰੂ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾਰੀ ਜਾਤੀ ਵਿੱਚ ਸੁਧਾਰ ਲਿਆਉਣ ਲਈ ਵੱਡਾ ਉਪਰਾਲਾ ਕੀਤਾ ਤੇ ਇਸ ਤੇ ਕੁਝ ਠੱਲ ਵੀ ਪਈ ਪਰ ਸਵਾਰਥੀ ਪਤਵੰਤਿਆਂ ਦਾ ਕਾਰੋਬਾਰ ਬੰਦ ਹੁੰਦਾ ਹੈ। ਜਦੋਂ ਉਦੋਂ ਧਰਮ ਦਾ ਅੰਧਵਿਸ਼ਵਾਸ ਫੈਲਾ ਕੇ ਇਹ' ਸੱਜਣ ਠੱਗ' ਆਪਣਾ ਧੰਦਾ ਚਾਲੂ ਕਰਾ ਲੈਂਦੇ ਹਨ।ਇਕ ਪੁਰਾਣੀ ਦੇਵਦਾਸੀ ਨੇ ਆਪਣੇ ਤਜੁਰਬੇ ਤੋਂ ਦੇਵਦਾਸੀਆਂ ਦੀ ਹਾਲਤ ਸੁਧਾਰਨ ਦੇ ਯਤਨ ਵੀ ਕੀਤੇ ਤੇ ਉਸਨੂੰ ਇਸ ਵਰ੍ਹੇ ਗਣਤੰਤਰ ਦਿਵਸ ਤੇ ਪਦਮ ਸ੍ਰੀ ਨਾਲ ਨਿਵਾਜਿਆ ਗਿਆ।ਪਰ ਇਹ ਕਾਫ਼ੀ ਨਹੀਂ ਹੈ,ਕਿਉਂਕਿ ਇਹ ਵ੍ਰਿਤੀ ਅਜੇ ਵੀ ਲੱਖਾਂ ਦੀ ਗਿਣਤੀ ਵਿੱਚ ਹੈ,ਅੰਕੜੇ ਦਸਦੇ ਹਨ ਕਿ ਸਾਢੇ ਚਾਰ ਲੱਖ ਦੇ ਕਰੀਬ ਕੁੜੀਆਂ ਮੰਦਰਾਂ ਵਿੱਚ ਦਾਸੀਆਂ ਹਨ ਤੇ ਏਨੀਆਂ ਕੁ ਹੀ ਵੇਸਵਾ ਜਾਂ ਭਿਖਾਰਨਾਂ ਹਨ।ਅਨ੍ਹਪੜ,ਅੰਨ੍ਹੇ ਭਗਤਾਂ ਨੂੰ ਏਨਾ ਡਰਾ ਦਿਤਾ ਜਾਂਦਾ ਹੈ ਕਿ ਉਹ ਆਪਣੀ ਜਾਨ ਤੋਂ ਧੀ ਦੀ ਪੂਰੀ ਉਮਰ ਵਾਰ ਦੇਂਦੇ ਹਨ,ਇਕ ਹੋਰ ਅਹਿਮ ਪੱਖ ਗਰੀਬੀ ਵੀ ਹੈ,ਮਾਪੇ ਆਪਣਾ ਪੇਟ ਪਾਲਣ ਲਈ ਵੀ ਧੀਆਂ ਨੂੰ ਵੇਚ ਦੇਂਦੇ ਹਨ,ਕੁਝ ਸਮਾਜਿਕ ਅੜਚਨਾਂ ਕਰ ਕੇ ਇਸ ਕਾਰਵਾਈ ਨੂੰ ਮੰਦਰ ਵਿੱਚ ਸੰਪਨ ਕੀਤਾ ਜਾਂਦਾ ਹੈ।

" ਸ਼ਾਮਾ ਆਨ ਬਸੋ ਵ੍ਰਿੰਦਾਵਨ ਮੇ, ਮੇਰੀ ਉਮਰ ਬੀਤ ਗਈ ਗੋਕਲ ਮੇਂ
ਰਸਤੇ ਮੇਂ ਕੂੰਆਂ ਖੁਦਵਾ ਆਨਾ
ਮੈਂ ਤੋ ਨੀਰ ਭਰੂੰਗੀ ਤੇਰੇ ਲੀਏ
ਰਸਤੇ ਮੇਂ ਬਾਗ ਬਨਾ ਜਾਨਾ,ਮੈਂ ਤੋ ਫੂਲ ਗੁਨੂੰਗੀ ਤੇਰੇ ਲੀਏ

ਦੇਵਦਾਸੀ ਪ੍ਰਥਾ ਕੀ ਹੈ,ਬੱਸ ਨਾਰੀ ਸੋਸ਼ਣ ਹੀ ਹੈ॥ਦੇਵਦਾਸੀਆਂ ਨੂੰ ਕੇਵਲ ਤੇ ਕੇਵਲ ਨੱਚਣ ਗਾਉਣ ਯਾਨੀ ਮਨਪ੍ਰਚਾਵੇ ਲਈ ਕੁਝ ਕੁ ਰਕਮ ਜਾਂ ਰੋਟੀ ਕਪੜੇ ਤੇ ਹੀ ਮੰਦਰ/ਆਸ਼ਰਮ ਵਿੱਚ ਰੱਖਿਆ ਜਾਂਦਾ ਹੈ।ਨਕਦ ਰਕਮ ਮਾਪਿਆਂ ਨੂੰ ਦੇ ਕੇ ਫਿਰ ਦੇਵਦਾਸੀ ਨੂੰ ਕਦੀ ਨਕਦੀ ਨਹੀਂ ਮਿਲਦੀ,ਇਸ ਤਰਾਂ ਇਹ ਪੁਜਾਰੀਆਂ ਦੀ ਉਪਰਲੀ ਕਮਾਈ ਦਾ ਸਾਧਨ ਵੀ ਹਨ।ਕਦੀ ਕਿਸੇ ਪੁਜਾਰੀ ਨੇ ਆਪਣੀ ਬੇਟੀ ਦੇਵਦਾਸੀ ਨਹੀ ਬਣਨ ਦਿੱਤੀ ਇਸ ਚਕਰਵਿਊ ਵਿੱਚ ਗਰੀਬ ਤੇ ਗਰੀਬੀ ਹੀ ਆਉਂਦੀ ਹੈ। ਜੋ ਕਿ ਜਹਾਲਤ ਅਤੇ ਅੰਧਵਿਸਵਾਸ ਵਿੱਚ ਗ੍ਰਸਤ ਹੁੰਦੀ ਹੈ।ਰਾਮ ਦੇ ਨਾਮ, ਸ਼ਾਮ ਦੇ ਨਾਮ ਦੀ ਦੁਹਾਈ ਦੇ ਕੇ ਦੇਵਤਾ "ਯੇਲਮਾ" ਦੇ ਨਾਮ ਕੁੜੀਆਂ ਘਰਾਂ ਚੋਂ ਖੋਹ ਲਈਆਂ ਜਾਂਦੀਆਂ ਹਨ।ਗੇਂਦ ਗੀਟੇ ,ਅੱਡੀ ਠੀਪਾ ਘਰ ਘਰ ਖੇਡਣ ਦੀ ਉਮਰ ਵਿੱਚ ਉਹਨਾਂ ਦੇ ਪੈਰੀਂ ਘੁੰਗਰੂ ਬੰਨ੍ਹ ਦਿਤੇ ਜਾਂਦੇ ਹਨ,ਘਰ ਤੋਂ ਬੇਘਰ ਕਰ,ਇਹ ਪੜ੍ਹਾਇਆ ਜਾਂਦਾ ਹੈ ਕਿ ਦੇਵ "ਯੇਲਮਾ" ਨੂੰ ਖੁਸ਼ ਕਰਨ ਲਈ "ਭਾਰਤ ਨਾਟਿਅਮ" ਨਾਚ ਜਰੂਰੀ ਹੈ ,ਨਹੀਂ ਤੇ ਦੇਵਤਾ ਨਰਾਜ਼ ਹੋ ਕੇ ਸਰਾਪ ਲਾ ਦੇਵੇਗਾ।ਇਸੀ ਡਰ ਹੇਠ ਉਹ ਉਦੋਂ ਤੱਕ ਨਚਦੀਆਂ ਹਨ ਜਦੋਂ ਤੱਕ ਪੁਜਾਰੀ ਚਾਹੇ ਤੇ ਫਿਰ ਉਸਨੂੰ ਦੇਹ ਵਪਾਰ ਵੱਲ ਧੱਕ ਦਿਤਾ ਜਾਂਦਾ ਹੈ,ਇਥੋਂ ਨਕਾਰਾ ਕਰ ਦਿੱਤੇ ਜਾਣ ਤੇ ਇਹ ਔਰਤਾਂ ਜੋ ਆਪਣਾ ਬਚਪਨ ਜਵਾਨੀ ਦੇਵਤਾ ਦੇ ਨਾਮ ਲੁਟਾ ਚੁਕੀਆਂ ਹੁੰਦੀਆਂ ਹਨ,ਤੇ ਆਪਣੀ ਕਮਾਈ ਨਾਲ ਕਈ ਘਰ ਭਰ ਚੁਕੀਆਂ ਹੁੰਦੀਆਂ, ਹਨ ਆਪਣੇ ਖੁਰ ਚੁਕੇ ਹੱਡਾਂ ਨੂੰ ਚਲਾਉਣ ਲਈ ਭੀਖ ਮੰਗਣ ਲਈ ਮਜਬੂਰ ਹੋ ਜਾਂਦੀਆਂ ਹਨ।ਭੀਖ ਵਿੱਚ ਜੋ ਫਿਟਕਾਰ ਮਿਲਦੀ ਹੈ,ਉਸਤੇ ਉਹ ਦੇਵਤਾ ਵਿਰੋਧ ਨਹੀਂ ਕਰਦਾ ਜਿਸਦੀ ਸਾਰੀ ਜਵਾਨੀ ਸੇਵਾ ਕੀਤੀ ਹੁੰਦੀ ਹੈ।ਜਿਸ ਸਰਾਪ ਤੋਂ ਡਰਦੇ ਤਸੀਹੇ ਸਹੇ ਉਹ ਸਰਾਪ ਵੀ ਲਗ ਕੇ ਰਹਿੰਦਾ ਹੈ।ਇਹ ਤੁਰੀਆਂ ਫਿਰਦੀਆਂ ਲਾਸ਼ਾਂ ਦਿਸਣ ਲਗਦੀਆਂ ਹਨ।ਦੇਵਤਾ ਦੇ ਨਾਮ ਤੇ ਦਾਨਵਾਂ ਦੇ ਪਿੰਜਰੇ ਵਿਚ ਕੈਦ ਕਟਦੀਆਂ ਹਨ।

ਦੱਖਣ ਭਾਰਤ ਤਾਮਿਲ ਨਾਡੂ ਕਰਨਾਟਕਾ,ਉੜੀਸਾ ਵਿੱਚ ਇਹ ਕੁਰੀਤੀ ਅੱਜ ਵੀ ਹੈ।ਕੇਰਲਾ ਪ੍ਰਾਂਤ ਜੋ ਕਿ ਸਾਖਰਤਾ ਵਿੱਚ ਪਹਿਲੇ ਨੰਬਰ ਤੇ ਹੈ ਉਥੇ ਵੀ ਇਹ ਚਲਨ ਹੈ।ਸਾਹਮਣੇ ਵਾਲੇ ਮੰਦਰ ਵਿੱਚ ਔਰਤਾਂ ਦਾ ਦਾਖਲਾ ਬੰਦ ਹੈ ਤੇ ਪਿਛਵਾੜੇ ਵਾਲੇ ਮੰਦਰ ਵਿੱਚ ਨਾਰੀਆਂ ( ਦਾਸੀਆਂ ) ਹਵਸ ਦਾ ਸ਼ਿਕਾਰ ਹੋ ਰਹੀਆਂ ਹੁੰਦੀਆਂ ਹਨ।ਇਹ ਕੈਸੀ ਪੂਜਾ ਹੈ,ਤੇ ਕੈਸਾ ਪੁੰਨ ਹੈ ? ਕੌਣ ਦਸੇਗਾ?

ਦੱਖਣ ਵਿੱਚ ਹੀ ਇਕ ਹੋਰ ਐਸੋ ਇਲਾਕਾ ਹੈ ਕਿ ਜਿਥੇ ਵਰਬਧੂ ਦੀ ਡੋਲੀ ਪੁਜਾਰੀ ਦੇ ਘਰ ਜਾਂਦੀ ਹੈ,ਤੇ ਪੁਜਾਰੀ ਕਿਸੇ ਵੀ ਉਮਰ ਦਾ ਹੋਵੇ ਨਵੀਂ ਦੁਲਹਨ ਦਾ ਕੁਆਰਾ ਰੂਪ ਭੰਗ ਕਰਦਾ ਹੈ,ਤੇ ਫਿਰ ਉਹ ਆਪਣੇ ਪਤੀ ਦੇ ਘਰ ਜਾ ਸਕਦੀ ਹੈ।

" ਮੌਤ ਹੀ ਜਿੰਦਗੀ ਦੀ ਦੁਸ਼ਮਣ ਨਹੀਂ,,ਜਿੰਦਗੀ ਭੀ ਜਾਨ ਲੇਤੀ ਹੈ "॥

ਸਮਾਜ ਭਲਾਈ ਸੰਸਥਾਂਵਾਂ,ਪ੍ਰਸ਼ਾਸਨ,ਕਾਨੂੰਨ ਸਾਰੇ ਹੀ ਇਸ ਕੁਰੀਤੀ ਨੂੰ ਨਕੇਲ ਪਾਉਣ ਵਿੱਚ ਫੇਲ੍ਹ ਹੋ ਚੁਕੇ ਹਨ।ਇਸ ਕੋਹਜ ਦਾ ਜਿੰਮੇਵਾਰ ਮਰਦ ਹਜਰਾਤ ਹਨ ਤੇ ਇਸ ਮਰਦ ਨਾਮ ਦੇ ਸ਼ੈਤਾਨ ਦੀ ਉਲਟੀ ਖੋਪਰੀ ਦੇ ਇਲਾਜ ਲਈ 'ਮਰਦ ਅਗੰਮੜੇ ਦੀ ਸ਼ਦੀਦ ਜਰੂਰਤ ਹੈ। ਲੱਧੀ ਨੂੰ ਇਕ ਦੁੱਲਾ ਭੱਟੀ ਨਹੀਂ ਬਹੁਤ ਸਾਰੇ ਦੁੱਲੇ ਭੱਟੀ ਪੈਦਾ ਕਰਨੇ ਹੋਣਗੇ।,

ਦੇਵਦਾਸੀਆਂ ਦੀ ਆਖਰੀ ਉਮਰ;(ਮੈਨੂੰ ਇੰਝ ਜਾਪਦੀ ਹੈ),ਇਕ ਸ਼ਾਇਰ ਦੇ ਅਲਫ਼ਾਜ਼ ਵਿੱਚ

"ਜਦ ਲਾਸ਼ ਮੇਰੀ ਨੂੰ ਜਲਾਣ ਲਗੇ,ਅਵਾਜ਼ ਆਈ-
ਇਹ ਸਾਰੀ ਉਮਰ ਜਲਿਆ,ਇਸਨੂੰ ਜਲਾਇਆ ਜਾ ਨਹੀਂ ਸਕਦਾ
ਇਹ ਕੋਲਾ ਹੇਠ ਕੱਖਾਂ ਦੇ ਲੁਕਾਇਆ ਜਾ ਨਹੀਂ ਸਕਦਾ।"

ਰਣਜੀਤ ਕੌਰ ਗੁੱਡੀ ਤਰਨ ਤਾਰਨ

# ਮਾਂ ਬੋਲੀ ਪੰਜਾਬੀ ਮੇਰੀ,ਮਾਂ ਬੋਲੀ ਪੰਜਾਬੀ।



ਮਾਂ ਬੋਲੀ ਪੰਜਾਬੀ ਮੇਰੀ,ਮਾਂ ਬੋਲੀ ਪੰਜਾਬੀ।
ਮਾਂ ਬੋਲੀ ਵਿੱਚ ਲਿਖਕੇ ਮੇਰੀ ਬਣਦੀ ਟੌਹਰ ਨਵਾਬੀ।
ਮਾਂ ਬੋਲੀ ਵਿੱਚ ਸ਼ਬਦ ਪਿਆਰੇ ਸ਼ਹਿਦ ਨਾਲੋਂ ਵੀ ਮਿੱਠੇ।
ਇਸ ਬੋਲੀ ਜਿਹੇ ਸ਼ਬਦ ਕਿਸੇ ਨਾ ਹੋਰ ਭਾਸ਼ਾ ਵਿੱਚ ਡਿੱਠੇ।
ਗੀਤ ਸੁਣਦਿਆਂ ਇਸ ਬੋਲੀ ਵਿੱਚ ਮੁੱਖੜੇ ਹੋਣ ਗੁਲਾਬੀ।
ਮਾਂ ਬੋਲੀ----------------------------|
ਗੁਰੂਆਂ-ਪੀਰਾਂ ਇਸ ਬੋਲੀ ਵਿੱਚ ਜੋ ਰਚ ਦਿੱਤੀ ਬਾਣੀ।
ਇਸ ਬਾਣੀ ਜਿਹੀ ਹੋਰ ਕਿਸੇ ਨਾ ਭਾਸ਼ਾ ਵਿੱਚ ਥਿਆਣੀ।
ਮੁੜ-ਮੁੜ ਇਸ ਨੂੰ ਪੜ੍ਹਨਾ ਪੈਂਦਾ ਪਵੇ ਨਾ ਸਮਝ ਸ਼ਤਾਬੀ।
ਮਾਂ ਬੋਲੀ --------------------------|
ਮਾਂ ਬੋਲੀ ਤੇ ' ਨਾਗਰਾ' ਮੈਨੂੰ ਰਹਿਣਾ ਫ਼ਖ਼ਰ ਹਮੇਸ਼ਾ।
ਮਾਂ ਬੋਲੀ ਵਿੱਚ ਲਿਖਣਾ ਮੇਰਾ ਹੁਣ ਤਾਂ ਬਣ ਗਿਆ ਪੇਸ਼ਾ।
ਮਿਹਰ ਕਰੇ ਰੱਬ ਮੇਰੇ ਤੇ ਮੈਂ ਬਣਜਾਂ ਕਿਤੇ ਰਬਾਬੀ।
ਮਾਂ ਬੋਲੀ ਪੰਜਾਬੀ ਮੇਰੀ ਮਾਂ ਬੋਲੀ ਪੰਜਾਬੀ।
ਮਾਂ ਬੋਲੀ ਵਿੱਚ ਲਿਖਕੇ ਮੇਰੀ ਬਣਦੀ ਟੌਹਰ ਨਵਾਬੀ।

ਜਸਪਾਲ ਸਿੰਘ ਨਾਗਰਾ ' ਮਹਿੰਦਪੁਰੀਆ'
ਪੋਰਟਲੈਂਡ,ਓਰੇਗਨ (ਅਮਰੀਕਾ)
+13604481989

## ਤਰਨਤਾਰਨ ਮੈਰਿਜ ਪੈਲੇਸ ਵਿੱਚ ਹੋਏ ਇੱਕ ਸ਼ਾਦੀ ਸਮਾਰੋਹ ਵਿੱਚ ਜਾਣ ਦਾ ਮੌਕਾ ਮਿਲਿਆ



ਤਰਨਤਾਰਨ ਨੇੜਲੇ ਓਸੇ ਹੀ ਮੈਰਿਜ ਪੈਲੇਸ ਵਿੱਚ ਹੋਏ ਇੱਕ ਸ਼ਾਦੀ ਸਮਾਰੋਹ ਵਿੱਚ ਜਾਣ ਦਾ ਮੌਕਾ ਮਿਲਿਆ ਜਿਸ ਵਿੱਚ ਕੁੱਝ ਦਿਨ ਪਹਿਲਾਂ ਇੱਕ ਸਰਪੰਚ ਨੂੰ ਕਤਲ ਕਰ ਦਿੱਤਾ ਗਿਆ ਸੀ।

ਮੈਰਿਜ ਪੈਲੇਸ ਦੇ ਗੇਟ 'ਤੇ ਵੱਡੇ ਅੱਖਰਾਂ ਵਿੱਚ 'ਅੰਦਰ ਹਥਿਆਰ ਲੈ ਕੇ ਆਉਣਾ ਮਨ੍ਹਾ ਹੈ' ਲਿਖਿਆ ਹੋਇਆ ਸੀ। ਪਰ ਫੇਰ ਵੀ ਵੱਡੀ ਗਿਣਤੀ ਵਿੱਚ ਨੌਜਵਾਨਾਂ ਕੋਲ ਹਥਿਆਰ ਸਨ। ਉਹ ਸਾਰੇ ਲਸੰਸੀ ਵੀ ਹੋ ਸਕਦੇ ਹਨ।

ਸਰਪੰਚ ਕਤਲ ਕਾਂਡ ਵਿੱਚ, ਪੰਜਾਬ ਵਿੱਚ ਹੋਏ ਕਤਲਾਂ ਵਿੱਚ ਸਿੱਧੂ ਮੂਸੇ ਵਾਲੇ ਤੋਂ ਬਾਅਦ ਦੂਜੀ ਵਾਰ ਏ ਕੇ ਸੰਤਾਲੀ ( ਅਸਾਲਟ ) ਦੀ ਵਰਤੋਂ ਹੋਣ ਦਾ ਚਰਚਾ ਵੱਡੀ ਪੱਧਰ 'ਤੇ ਹੋ ਰਿਹਾ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਉਹ ਅਸਾਲਟ ਕਿੱਥੋਂ ਆਈ ਹੋ ਸਕਦੀ ਹੈ? ਅਨੁਮਾਨਤ ਅੰਕੜਿਆਂ ਅਨੁਸਾਰ ਪੰਜਾਬ ਪੁਲਿਸ ਦੇ ਕਰੀਬ 46 ਹਜ਼ਾਰ ਅੰਗਰੱਖਿਅਕ ਲੀਡਰਾਂ, ਸਾਧੂ ਸੰਤਾਂ ਤੇ ਉੱਚ ਪੁਲਿਸ ਅਧਿਕਾਰੀਆਂ ਨੂੰ ਦਿੱਤੇ ਹੋਏ ਹਨ ਜਿਨ੍ਹਾਂ ਕੋਲ ਏ ਕੇ ਸੰਤਾਲੀ, ਸਟੇਨਗੰਨ ਅਤੇ ਹੋਰ ਪ੍ਰੋਹੈਬਟਿੱਡ ਬੋਰ ਦੇ ਹਥਿਆਰ ਹਨ।

ਲੀਡਰਾਂ, ਸਾਧੂ ਸੰਤਾਂ, ਰਸੂਖਦਾਰਾਂ ਤੇ ਉੱਚ ਅਧਿਕਾਰੀਆਂ ਦੇ ਪਰਿਵਾਰਾਂ ਨੂੰ ਦਿੱਤੇ ਗਏ ਗੰਨਮੈਨਾਂ ਵਿੱਚੋਂ ਬਹੁਤ ਘੱਟ ਗੰਨਮੈਨ ਹਨ ਜਿਹੜੇ ,ਏ ਕੇ ਸੰਤਾਲੀ, ਸਟੇਨਗੰਨ ਜਾਂ ਹੋਰ ਕੋਈ ਪ੍ਰੋਹੈਬਟਿਡ ਬੋਰ ਨੂੰ ਡਿਊਟੀ ਦੌਰਾਨ ਕੈਰੀ ਕਰਨ ਲੱਗਿਆਂ ਬਾ-ਵਰਦੀ ਹੁੰਦੇ ਹਨ ਜ਼ਿਆਦਾਤਰ ਤਾਂ ਸਿਵਲ ਕੱਪੜਿਆਂ ਵਿੱਚ ਹੀ ਸੰਤਾਲੀਆਂ ਤੇ ਸੰਟੇਨਗੰਨਾਂ ਚੁੱਕੀ ਫਿਰਦੇ ਹਨ ।

ਇਹ ਦੋਵੇਂ ਗੁਰੀਲਾ ਯੁੱਧ ਲਈ ਬਣਾਏ ਗਏ ਹਥਿਆਰ ਹਨ ਅਤੇ ਇੱਕ ਸਮੇਂ 'ਤੇ ਅਨੇਕਾਂ ਹੱਤਿਆਵਾਂ ਕਰ ਸਕਦੇ ਹਨ ।

ਇਹ ਵੀ ਹੋ ਸਕਦਾ ਹੈ ਕਿ ਸਰਪੰਚ ਨੂੰ ਕਤਲ ਕਰਨ ਵਿੱਚ ਵਰਤੀ ਗਈ ਸੰਤਾਲੀ ਕਿਸੇ ਲਾ ਪ੍ਰਵਾਹ ਗੰਨਮੈਨ ਦੀ ਹੀ ਹੋਵੇ ਕਿਉਂਕਿ ਫਰਲੋ 'ਤੇ ਘਰ ਨੂੰ ਜਾਣ ਲੱਗਿਆਂ ਆਪਣੀ ਸੰਤਾਲੀ ਜਾਂ ਸਟੇਨਗੰਨ ਉਹ ਅਕਸਰ ਹੀ ਉਸ ਬੰਦੇ ਨੂੰ ਦੇ ਜਾਂਦੇ ਹਨ ਜਿਸਦੇ ਉਹ ਗੰਨਮੈਨ ਹੁੰਦੇ ਹਨ।

ਮੈਂ ਇਹ ਗੱਲ ਦਾਅਵੇ ਨਾਲ ਆਖ ਸਕਦਾ ਹਾਂ ਕਿ ਇੰਝ ਵੀ ਹੁੰਦਾ ਹੈ ਕਿਉਂਕਿ ਮੇਰੇ ਜਵਾਨ ਪੁੱਤ ਦਾ ਕਥਿਤ ਕਤਲ ਵੀ ਇੱਕ ਲੀਡਰ ਨੂੰ ਮਿਲੇ ਪੰਜਾਬ ਪੁਲਿਸ ਦੇ ਮੁਲਾਜ਼ਮ ਨੂੰ ਅਲਾਟ ਹੋਈ ਸਰਕਾਰੀ ਸਟੇਨਗੰਨ ਨਾਲ ਹੀ ਹੋਇਆ ਸੀ, ਜਿਹੜਾ ਆਖਦਾ ਹੈ ਕਿ ਮੈਂ ਆਪਣੇ ਘਰ ਨੂੰ ਜਾਣ ਲੱਗਿਆਂ ਉਹ ਸਟੇਨਗੰਨ ਉਸ ਲੀਡਰ ਨੂੰ ਦੇ ਗਿਆ ਸਾਂ।

ਮੇਰੀ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਬੇਨਤੀ ਹੈ ਕਿ ਉਹ ਇਹ ਯਕੀਨੀ ਬਣਾਉਣ ਕੇ ਕੋਈ ਵੀ ਗੰਨਮੈਨ ਵਰਦੀ ਪਾਏ ਬਿਨਾਂ ਆਪਣਾ ਹਥਿਆਰ ਕੈਰੀ ਨਾ ਕਰੇ। ਛੋਟੇ ਪੁਲਿਸ ਅਧਿਕਾਰੀਆਂ ਨੂੰ ਸਸਪੈਂਡ ਕਰਨ ਦੀ ਬਜਾਏ ਬਿਨਾਂ ਵਰਦੀ ਗੰਨਮੈਨ ਕਲਚਰ ਨੂੰ ਰੋਕਣ ਦੀ ਲੋੜ ਹੈ।

ਬੇਸ਼ੱਕ ਕੁੱਝ ਮੇਰੇ ਆਪਣੇ ਸੱਜਣਾਂ ਨੂੰ ਇਹ ਗੱਲਾਂ ਚੰਗੀਆਂ ਨਾ ਲੱਗਣ ਪਰ ਇਹ ਅੱਜ ਦੇ ਸਮੇਂ ਦਾ ਕੌੜਾ ਸੱਚ ਹੈ।

ਲੇਖਕ : ਬਰਕਤ ਸਿੰਘ ਵੋਹਰਾ।
ਪ੍ਰਧਾਨ ਸਾਹਿਤ ਸਭਾ ਪੱਟੀ,
ਜ਼ਿਲ੍ਹਾ ਤਰਨ ਤਾਰਨ ।

## *ਮੁਲਾਕਾਤ*



ਤੇਰਾ ਆਉਣਾ ਜਿਵੇਂ ਰੇਗਿਸਤਾਨ ਚ ਬਰਸਾਤ ਏ,
ਮੇਰੀ ਤੜਫਦੀ ਰੂਹ ਨਾਲ ਹੋਈ ਜਦ ਮੁਲਾਕਾਤ ਏ,

ਦਿਨ ਇੰਤਜ਼ਾਰ ਚ ਲੰਘਿਆ ਘੜੀਆਂ ਗਿਣਦੇ ਗਿਣਦੇ,
ਤੇਰੇ ਆਉਣ ਤੇ ਰੁਕ ਗਈ ਜਿਵੇਂ ਪੂਰੀ ਕਾਇਨਾਤ ਏ,

ਮੁੱਦਤਾਂ ਬਾਅਦ ਹੋਇਆ ਜੋ ਇਹ ਮੇਲ ਰੂਹਾਂ ਦਾ,
ਜਾਪੇ ਰੱਬ ਵੱਲੋ ਹੋਈ ਕਿੰਨੀ ਸੋਹਣੀ ਕਰਾਮਾਤ ਏ,

ਸੂਰਜ ਦੇ ਡੁੱਬਣ ਨਾਲ ਬੀਤ ਗਏ ਸਾਰੇ ਪਲ,
ਬੁੱਕਲ ਤੇਰੀ ਵਿੱਚ ਲੰਘੀ ਇਹ ਚਾਨਣੀ ਰਾਤ ਏ,

ਰਾਣੂ ਤੇਰੇ ਨਾਲ ਬਸਰ ਜਾਵੇਂ ਇਹ ਸਾਰੀ ਜਿੰਦਗੀ,
ਤੇਰੇ ਨਾਲ ਹੀ ਸ਼ੁਰੂ ਹੋਵੇ ਮੇਰੀ ਹਰ ਪ੍ਰਭਾਤ ਏ... ॥

ਗੁਰਜੀਤ ਕੌਰ ਰਾਣੂ

## ਮੁਸੀਬਤਾਂਤਰਾਸ਼ਣ ਆਉਂਦੀਆਂ।



ਮੁਸੀਬਤਾਂ ਵੇਖ ਅਸੀਂ ਅਕਸਰ ਦਿਲ ਛੱਡ ਜਾਂਦੇ ਆ ਅਤੇ ਡਾਵਾਂ—ਡੋਲ ਹੋਕੇ ਮੁਸ਼ਕਲਾਂ ਨਾਲ ਲੜਨ ਦੀ ਤਾਕਤ ਗਵਾ ਬੈਠਦੇ ਹਾਂ।

ਪਰ ਜੇ ਅਸੀਂ ਪ੍ਰਮਾਤਮਾਂ ਤੇ ਅਟੁੱਟ ਵਿਸ਼ਵਾਸ਼ ਰੱਖਦੇ ਹੋਏ ਆਈਆਂ ਮੁਸੀਬਤਾਂ ਨੂੰ ਇੱਕ ਹਵਾ ਦਾ ਬੁੱਲ ਮੰਨ ਲਈਏ ਕਿ ਇਹ ਆਈਆਂ ਨੇ ਤੇ ਚਲੇ ਜਾਣਗੀਆਂ ।ਇਸ ਤਰ੍ਹਾਂ ਹੌਸਲਾ ਕਰਨ ਨਾਲ ਅਸੀਂ ਮੁਸ਼ਕਲਾਂ ਨੂੰ ਸਮਝਕੇ ਉਸ ਨਾਲ ਲੜਨ ਦੀ ਤਾਕਤ ਵਧਾ ਸਕਦੇ ਹਾਂ।

ਸਾਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਮੁਸ਼ਕਲਾਂ ਸਾਨੂੰ ਡੇਗਣ ਨਹੀਂ,ਸਾਨੂੰ ਤਰਾਸ਼ਣ ਲਈ ਆਉਂਦੀਆਂ ਨੇ।

ਪਰਮਿੰਦਰ ਸਿੰਘ
ਚੋਹਲਾ ਸਾਹਿਬ (ਤਰਨ ਤਾਰਨ)
9815561022

## ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਵਾਲੀ ਪੰਜਾਬ ਸਰਕਾਰ ਦੀ ਅਣਗਿਹਲੀ ਆਈ ਸਾਹਮਣੇ





ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 21 ਫਰਵਰੀ

ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚ ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਜਿੱਥੇ ਸਰਕਾਰੀ ਦਫਤਰਾਂ ਵਿੱਚ ਹਰੇਕ ਵਿੱਚੋਂ ਨਿਕਲਦੇ ਚਿੱਠੀ ਪੱਤਰਾਂ ਨੂੰ ਪੰਜਾਬੀ ਵਿੱਚ ਲਿਖਣ ਅਤੇ ਭੇਜਣ ਬਾਰੇ ਲਿਖਤੀ ਤੌਰ ਤੇ ਸਖਤ ਹਦਾਇਤ ਜਾਰੀ ਗਈ ਹੈ ਕੇ ਸੂਬੇ ਅੰਦਰ ਪੰਜਾਬੀ ਨੂੰ ਪਹਿਲ ਦੇ ਅਧਾਰ ਤੇ ਲਾਗੂ ਕੀਤਾ ਜਾਵੇ। ਇਸ ਬਾਰੇ ਬਹੁਤ ਸਾਰੀਆਂ ਗੈਰ ਸਰਕਾਰੀ ਸੰਸਥਾ ਵੀ ਆਪਣਾ ਸਿਰ ਤੋੜ ਯਤਨ ਕਰ ਰਹੀਆਂ ਹਨ।ਪਰ ਹੈਰਾਨੀ ਦੀ ਗੱਲ ਹੈ ਕੇ ਪੰਜਾਬ ਵਿੱਚ ਪਹਿਲੀ ਭਾਸ਼ਾ ਪੰਜਾਬੀ ਅਤੇ ਸਰਕਾਰੀ ਸਕੂਲਾਂ ਵਿਚ ਜਿਆਦਾ ਗਿਣਤੀ ਪੰਜਾਬੀ ਮੀਡੀਅਮ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਹੈ।ਪਰ ਸ਼ੁੱਕਰਵਾਰ ਨੂੰ ਸੂਬੇ ਭਰ ਵਿੱਚ ਹੋਈ ਮਿਡਲ ਪ੍ਰੀਖਿਆ ਵਿੱਚ ਸਾਇੰਸ ਵਿਸ਼ੇ ਛਪੇ ਪ੍ਰਸ਼ਨ ਪੱਤਰ ਜੋ ਕਿ ਪੰਜਾਬੀ ਹਿੰਦੀ ਅਤੇ ਅੰਗਰੇਜ਼ੀ ਮਾਧਿਅਮ ਵਿੱਚ ਇਕੱਠੇ ਹੀ ਹਨ ਪਰ ਪੰਜਾਬੀ ਮੀਡੀਅਮ ਵਾਲੇ ਛਪੇ ਪ੍ਰਸ਼ਨ ਪੱਤਰ ਵਿੱਚ 15 ਨੰਬਰ ਦਾ ਪੇਪਰ ਪ੍ਰਿੰਟ ਹੀ ਨਹੀਂ ਹੋਇਆ| ਜਦੋਂ ਕਿ ਅੰਗਰੇਜ਼ੀ ਅਤੇ ਹਿੰਦੀ ਮਾਧਿਅਮ ਦੇ ਵਿੱਚ 80 ਨੰਬਰ ਦਾ ਪੇਪਰ ਛਪ ਕੇ ਆਇਆ ਅਤੇ ਪੰਜਾਬੀ ਵਿੱਚ 65 ਨੰਬਰ ਦਾ ਪੇਪਰ ਵਿਦਿਆਰਥੀਆਂ ਦੇ ਸਾਹਮਣੇ ਆਇਆ।ਇਸ ਲਈ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੀ ਇੱਕ ਵੱਡੀ ਅਣਗਿਹਲੀ ਸਾਹਮਣੇ ਆਈ ਜੋ ਵੱਡਾ ਸਵਾਲ ਖੜ੍ਹਾ ਕਰਦੀ ਹੈ ਕਿ ਹੈ ਕਿ ਜਦ ਵੀ ਪੇਪਰਾਂ ਦੀ ਪੈਕਿੰਗ ਕੀਤੀ ਜਾਂਦੀ ਹੈ ਉਸ ਸਮੇਂ ਵਿਭਾਗ ਵੱਲੋਂ ਕੋਈ ਵੀ ਅਜਿਹਾ ਨਿਯਮ ਨਹੀਂ ਹੈ ਜਿਸ ਦੇ ਤਹਿਤ ਇਹ ਪਤਾ ਲੱਗ ਸਕੇ ਕਿ ਜੋ ਪ੍ਰਿੰਟਿੰਗ ਹੋਈ ਉਹ ਸਹੀ ਹੈ ਜਾਂ ਗਲਤ ਹੈ ਜਾ ਅਜਿਹੀ ਕੋਈ ਅੱਜ ਹੀ ਖਾਮੀ ਤਾ ਨਹੀਂ ਰਹਿ ਗਈ ਜੋ ਵਿਦਿਆਰਥੀਆਂ ਦੇ ਭਵਿੱਖ ਲਈ ਖਿਲਵਾੜ ਬਣ ਜਾਵੇ।ਇਸ ਲਈ । ਪੰਜਾਬ ਸਰਕਾਰ ਅਤੇ ਬੋਰਡ ਦੇ ਅਧਿਕਾਰੀਆਂ ਦੀ ਇੱਕ ਵੱਡੀ ਅਣਗਿਹਲੀ ਸਾਹਮਣੇ ਆਈ ਹੈ

ਜਿਸ ਸਬੰਧੀ ਜਦ ਸਿੱਖਿਆ ਵਿਭਾਗ ਦੇ ਅਧਿਆਪਕਾ ਵੱਲੋ ਇਕ ਵਜੇ ਦੇ ਕਰੀਬ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਤਾਂ

ਸਿਖਿਆ ਵਿਭਾਗ ਨੇ ਹੁਕਮ ਜਾਰੀ ਕਰਕੇ ਕਿਹਾ ਕੇ ਡਿਊਟੀ ਕਰ ਰਿਹਾ ਨਿਗਰਾਨ ਅਮਲਾ ਹਿੰਦੀ ਅਤੇ ਅੰਗਰੇਜ਼ੀ ਵਿੱਚ ਛਪੇ ਪ੍ਰਸ਼ਨਾਂ ਦਾ ਪੰਜਾਬੀ 'ਚ ਅਨੁਵਾਦ ਕਰਕੇ ਵਿਦਿਆਰਥੀਆਂ ਨੂੰ ਨੋਟ ਕਰਵਾਏ। ਪਰ ਇਹ ਹੁਕਮ ਤੇ ਸਵਾਲੀਆ ਨਿਸ਼ਾਨ ਖੜ੍ਹਾ ਹੁੰਦਾ ਹੈ ਕਿ ਪ੍ਰੀਖਿਆ ਲੈਣ ਲਈ ਤੈਨਾਤ ਗੈਰ ਸਾਇੰਸ ਨਿਗਰਾਨ ਅਮਲਾ ਸਾਇੰਸ ਵਰਗੇ ਤਕਨੀਕੀ ਵਿਸ਼ੇ ਨਾਲ ਸਬੰਧਤ ਤਕਨੀਕੀ ਸ਼ਬਦਾਵਲੀ ਵਾਲੇ ਪ੍ਰਸ਼ਨਾਂ ਦਾ ਦਰੁਸਤ ਤਰਜਮਾ ਕਿਵੇਂ ਕਰ ਸਕਦਾ ਹੈ। ਉਧਰ ਬਹੁਤ ਸਾਰੇ ਵਿਦਿਆਰਥੀਆਂ ਪੰਜਾਬੀ ਵਿੱਚ ਇਹ ਪ੍ਰਸ਼ਨ ਛਪਣ ਨਾ ਕਰਕੇ ਸਿਰਫ 65 ਨੰਬਰ ਦਾ ਪੇਪਰ ਹੀ ਕਰਨਾ ਪਿਆ ਬਾਕੀ 15 ਨੰਬਰ ਦਾ ਪੇਪਰ ਛੱਡ ਕੇ ਹੀ ਆਉਣਾ ਪਿਆ ਕਿਉਂਕਿ ਉਨ੍ਹਾਂ ਨੂੰ ਇਹ ਸਮਝ ਨਹੀਂ ਆਈ ਕਿ ਉਹ ਅੰਗਰੇਜ਼ੀ ਜਾਂ ਹਿੰਦੀ ਤੋਂ ਪੰਜਾਬੀ ਵਿੱਚ ਇਸਦਾ ਕਿਵੇਂ ਸਹੀ ਤਰਜਮਾ ਕਰਨ।

ਇਸ ਲਈ ਉਹ ਦੇਖਣਾ ਹੋਵੇਗਾ ਕੇ ਵਿਦਿਆਰਥੀਆਂ ਵੱਲੋਂ ਛੁੱਟ ਗਏ 15 ਨੰਬਰ ਦੇ ਪੇਪਰ ਬਾਰੇ ਸਿੱਖਿਆ ਵਿਭਾਗ ਕੀ ਫੈਸਲਾ ਲੈਂਦਾ ਹੈ।

ਵਿਦਿਆਰਥੀਆਂ ਨੂੰ ਗ੍ਰੇਸ ਮਾਰਕ ਦਿੱਤੇ ਜਾਣ ਤਾਂ-ਭੁੱਲਰ

ਮਾਸਟਰ ਕੇਡਰ ਯੂਨੀਅਨ ਦੇ ਪੰਜਾਬ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਭੁੱਲਰ ਨੇ ਕਿਹਾ ਮਾਸਟਰ ਕੇਡਰ ਯੂਨੀਅਨ ਇਸ ਦੀ ਸਖ਼ਤ ਨਿਦਿਆਂ ਕਰਦਿਆਂ ਮੰਗ ਕਰਦੀ ਹੈ ਕੇ ਇਨ੍ਹਾਂ ਨੰਬਰਾਂ ਦੇ ਬੱਚਿਆਂ ਨੂੰ ਗ੍ਰੇਸ ਮਾਰਕ ਦਿੱਤੇ ਜਾਣ ਤਾਂ ਜੋ ਬੱਚਿਆਂ ਦਾ ਸਾਲ ਖਰਾਬ ਨਾ ਹੋਵੇ ਅਤੇ ਇਸ ਨਾਲ ਸੰਬੰਧਿਤ ਅਧਿਕਾਰੀਆਂ ਦੀ ਵੀ ਪੜਤਾਲ ਕਾਰਵਾਈ ਜਾਵੇ। ਉਨ੍ਹਾਂ ਉਹਨਾਂ ਕਿਹਾ ਕਿ ਇੱਕ ਬਹੁਤ ਹੀ ਗੰਭੀਰ ਮਸਲਾ ਹੈ। ਵਿਦਿਆਰਥੀ ਸਾਰਾ ਸਾਲ ਮਿਹਨਤ ਕਰਦੇ ਹਨ। ਅਤੇ ਸਲਾਨਾ ਪ੍ਰੀਖਿਆ ਵਿੱਚ ਹਰੇਕ ਵਿਦਿਆਰਥੀ ਦਾ ਇੱਕ ਇੱਕ ਨੰਬਰ ਬਹੁਤ ਹੀ ਕੀਮਤੀ ਹੁੰਦਾ ਹੈ।

ਉਚ ਅਧਿਕਾਰੀਆਂ ਨੂੰ ਇਸ ਬਾਰੇ ਦਿੱਤੀ ਜਾ ਚੁੱਕੀ ਹੈ ਜਾਣਕਾਰੀ- ਜਿਲਾ ਸਿੱਖਿਆ ਅਫ਼ਸਰ

ਜਿਸ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ ਸਤਨਾਮ ਸਿੰਘ ਬਾਠ ਨਾਲ ਜਦ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਲਗਭਗ ਇਕ ਵਜੇ ਦੇ ਕਰੀਬ ਇਹ ਮਾਮਲਾ ਮੇਰੇ ਧਿਆਨ ਵਿੱਚ ਆਇਆ ਹੈ ਕਿ ਅੱਠਵੀਂ ਦੇ ਪ੍ਰਸ਼ਨ ਪੱਤਰ ਵਿੱਚ ਪੰਜਾਬੀ ਭਾਸ਼ਾ 'ਚ 5 ਨੰਬਰ ਵਾਲੇ ਪ੍ਰਸ਼ਨ ਹੀ ਪ੍ਰਿੰਟ ਨਹੀਂ ਕੀਤੇ ਗਏ।ਇਸ ਸਬੰਧੀ ਸਿੱਖਿਆ ਵਿਭਾਗ ਉੱਚ ਅਧਿਕਾਰੀਆਂ ਨੂੰ ਜਾਣੂ ਵੀ ਕਰਵਾ ਦਿੱਤਾ ਗਿਆ ਹੈ।



# ਭਗਵਾਂ ਸੈਨਾ ਸੰਗਠਨ ਨੇ ਐਸ ਐਸ ਪੀ ਦਾ ਕੀਤਾ ਸਨਮਾਨ

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 21 ਫਰਵਰੀ

ਭਗਵਾਂ ਸੈਨਾ ਸੰਗਠਨ ਤੇ ਰਾਸ਼ਟਰੀ ਪ੍ਰਧਾਨ ਅਤੇ ਸੰਸਥਾਪਕ ਪੰਕਜ ਦਵੇਸਰ ਦੀ ਅਗਵਾਈ ਹੇਠ ਇੱਕ ਵਫਦ ਐਸਐਸਪੀ ਦਿਹਾਤੀ ਅੰਮ੍ਰਿਤਸਰ ਆਈ ਪੀ ਐਸ ਸ੍ਰੀ ਸੁਹੇਲ ਮੀਰ ਨੂੰ ਮਿਲਿਆ ਅਤੇ ਇਸ ਦੌਰਾਨ ਉਹਨਾਂ ਵੱਲੋਂ ਐਸਐਸਪੀ ਸੁਹੇਲ ਮੀਰ ਨੂੰ ਸਨਮਾਨਿਤ ਕੀਤਾ ਗਿਆ ਇਸ ਮੌਕੇ ਪੰਕਜ ਦਵੇਸਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਐਸਐਸਪੀ ਦਿਹਾਤੀ ਸੁਹੇਲ ਮੀਰ ਦੀ ਅਗਵਾਈ ਹੇਠ ਜੋ ਗੈਂਗਸਟਰ ਅਤੇ ਮਾੜੇ ਅਨਸਰਾਂ ਖਿਲਾਫ ਮੁਹਿੰਮ ਚਲਾਈ ਜਾ ਰਹੀ ਆ ਇੱਕ ਸ਼ਲਾਘਾ ਜੋ ਕੰਮ ਹੈ ਉਹਨਾਂ ਅੱਗੇ ਕਿਹਾ ਕਿ ਭਗਵਾਂ ਸੈਨਾ ਸੰਗਠਨ ਹਮੇਸ਼ਾ ਹੀ ਉਹਨਾਂ ਅਧਿਕਾਰੀਆਂ ਦਾ ਮਾਣ ਸਨਮਾਨ ਕਰਦਾ ਹੈ ਜੋ ਸਮਾਜ ਪ੍ਰਤੀ ਆਪਣੀਆਂ ਚੰਗੀਆਂ ਸੇਵਾਵਾ ਨਿਭਾਉਂਦੇ ਹਨ ਉਹਨਾਂ ਕਿਹਾ ਕਿ ਅਸੀਂ ਪੁਲਿਸ ਪ੍ਰਸ਼ਾਸਨ ਨੂੰ ਯਕੀਨ ਦਵਾਉਂਦੇ ਹਾਂ ਕਿ ਭਗਵਾਂ ਸੈਨਾ ਸੰਗਠਨ ਦੇ ਅਹੁਦੇਦਾਰ ਹਮੇਸ਼ਾ ਹੀ ਸਮਾਜ ਭਲਾਈ ਦੇ ਕੰਮਾਂ ਲਈ ਪੁਲਿਸ ਪ੍ਰਸ਼ਾਸਨ ਦਾ ਸਾਥ ਦੇਣ ਲਈ ਵਚਨਬੰਧ ਹਨ ਇਸ ਮੌਕੇ ਉਹਨਾਂ ਨਾਲ ਭਾਰਤ ਪ੍ਰਮੁੱਖ ਪਵਨ ਸਰੀਰ ਰਾਸ਼ਟਰੀ ਸਚੀ ਹਰਜਿੰਦਰ ਸਰੀਨ ਜਿਲਾ ਯੁਵਾ ਪ੍ਰਧਾਨ ਹੈਰੀ ਸ਼ਰਮਾ ਜਿਲਾ ਉਪ ਪ੍ਰਧਾਨ ਅਭੀਸ਼ੇ ਕਾਲੀਆ ਸੰਗਠਨ ਮੰਤਰੀ ਡਾ ਰਾਜ ਧਵਨ ਆਦਿ ਨਾਲ ਮਜੋਦ ਸਨ।

## ਬਾਦਲ ਪਰਿਵਾਰ ਦੇ ਕਬਜ਼ੇ ਕਾਰਣ ਸਿੱਖ ਕੌਮ ਦਾ ਸ਼੍ਰੋਮਣੀ ਕਮੇਟੀ ਤੋਂ ਭਰੋਸਾ ਉੱਠਣਾ ਸ਼ੁਰੂ ਹੋਇਆ –ਧਾਲੀਵਾਲ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 19 ਫਰਵਰੀ

ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ‘ਚ ਹੋ ਰਹੀਆਂ ਵੱਡੇ ਪੱਧਰ ਤੇ ਬੇਨਿਯਮੀਆਂ ਤੇ ਬਾਦਲ ਪਰਿਵਾਰ (ਸੁਖਬੀਰ ਸਿੰਘ ਬਾਦਲ) ਵਲੋਂ ਸਿੱਧੇ ਤੇ ਅਸਿੱਧੇ ਢੰਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਜ਼ਾਮ ਤੇ ਕਾਬਜ਼ ਹੋਣ ਦੇ ਲਾਏ ਗਏ ਇਲਜ਼ਾਮਾਂ ਨੂੰ ਬਾਦਲ ਪਰਿਵਾਰ ਵਲੋਂ ਕੀਤਾ ਜਾ ਰਿਹਾ ਸਿੱਖ ਪੰਥ ਨਾਲ ਇੱਕ ਧੋਖਾ ਕਰਾਰ ਦਿੱਤਾ ਅਤੇ ਕਿਹਾ ਕਿ ਇਨ੍ਹਾਂ ਇਲਜ਼ਾਮਾਂ ਨੇ ਵਿਸ਼ਵ ਭਰ ਦੇ ਸਿੱਖਾਂ ਦੇ ਹਿਰਦਿਆਂ ਨੂੰ ਛਲਣੀ ਕੀਤਾ ਹੈ, ਕਿਉਂਕਿ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਅਨੇਕਾਂ ਕੁਰਬਾਨੀਆਂ ਨਾਲ ਹੋਂਦ ‘ਚ ਆਈ ਸਿੱਖ ਗੁਰਧਾਮਾਂ ਦੇ ਸਾਫ ਸੁਥਰੇ ਪਵਿੱਤਰ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਤੋਂ ਸਿੱਖ ਕੌਮ ਦਾ ਭਰੋਸਾ ਉੱਠਣਾ ਸ਼ੁਰੂ ਹੋ ਗਿਆ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਲਗਾਏ ਗਏ ਇਲਜ਼ਾਮਾਂ ਦਾ ਸਵੈ ਨੋਟਿਸ ਲੈਂਦਿਆਂ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਸਮੇਤ ਹੋਰ ਉੱਚ ਪੱਧਰੀ ਏਜੰਸੀਆਂ ਵਲੋਂ ਬਿਨ੍ਹਾਂ ਦੇਰੀ ਨਿਰਪੱਖ ਜਾਂਚ ਕੀਤੀ ਜਾਣੀ ਚਾਹੀਦੀ ਹੈ।ਸ. ਧਾਲੀਵਾਲ ਨੇ ਅੱਜ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿੰਘ ਸਾਹਿਬ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨਾਲ ਉਕਤ ਇਲਜ਼ਾਮਾਂ ਦੇ ਸੰਦਰਭ ‘ਚ ਫੋਨ ਤੇ ਸਿੱਧਾ ਰਾਬਤਾ ਬਣਾਉਣ ਪਿੱਛੋਂ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਫੋਨ ਤੇ ਗੱਲਬਾਤ ਦੌਰਾਨ ਗਿਆਨੀ ਰਘਬੀਰ ਸਿੰਘ ਹੁਰੀ ਬਾਦਲ ਪਰਿਵਾਰ ਵਲੋਂ ਸਿੰਘ ਸਾਹਿਬਾਨਾਂ ਸਮੇਤ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ‘ਚ ਕਥਿਤ ਤੌਰ ਤੇ ਕੀਤੀ ਜਾ ਰਹੀ ਸੁਆਰਥੀ ਸਿਆਸੀ ਹਿੱਤਾਂ ਦੀ ਪੂਰਤੀ ਤੇ ਭ੍ਰਿਸ਼ਟਾਚਾਰ ਲਈ ਕੀਤੀ ਜਾ ਰਹੀ ਬੇਲੋੜੀ ਦਖਲ ਅੰਦਾਜ਼ੀ ਤੋਂ ਅਤਿ ਦੁੱਖੀ ਰੌਅ ‘ਚ ਜ਼ਜਬਾਤੀ ਨਜ਼ਰ ਆਏ , ਜਦੋਂਕਿ ਗਿਆਨੀ ਰਘਬੀਰ ਸਿੰਘ ਨਾਲ ਗੱਲਬਾਤ ਦੌਰਾਨ ਉਨ੍ਹਾਂ (ਸ.ਧਾਲੀਵਾਲ) ਨੇ ਪੇਸ਼ਕਸ਼ ਕੀਤੀ ਕਿ ਬਾਦਲ ਪਰਿਵਾਰ ਦੀ ਕਥਿਤ ਤੌਰ ਤੇ ਹੁਣ ਤੱਕ ਸ਼੍ਰੋਮਣੀ ਕਮੇਟੀ ਦੇ ਵੱਖ ਵੱਖ ਵਸੀਲਿਆਂ ਜਮੀਨਾਂ ਵੇਚਣ, ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਦੀ ਫੀਸ 8500 ਦੀ ਬਜਾਏ 5-5 ਲੱਖ ਰੁਪਏ ਰਿਸ਼ਵਤ ਵੱਜੋਂ ਸਮੇਤ ਹੋਰ ਸਾਧਨਾਂ ਤੋਂ ਕਥਿਤ ਭ੍ਰਿਸ਼ਟ ਤਰੀਕਿਆਂ ਨਾਲ ਭੁੱਖ ਦੂਰ ਕਰਨ ‘ਚ ਜੋ ਕਮੀ ਰਹਿ ਗਈ ਹੈ ਉਸ ਨੂੰ ਦੂਰ ਕਰਨ ਲਈ ਆਪਾਂ (ਗਿਆਨੀ ਰਘਬੀਰ ਸਿੰਘ ਤੇ ਸ. ਧਾਲੀਵਾਲ) ਰੱਲ ਕੇ ਪੰਜਾਬ ਵਾਸੀਆਂ ਕੋਲੋਂ ਭੀਖ ਮੰਗ ਕੇ ਬਾਦਲ ਪਰਿਵਾਰ ਦੀ ਝੋਲੀ ਪਾਈ ਜਾਵੇ, ਜੇਕਰ ਬਾਦਲ ਪਰਿਵਾਰ ਇਸ ਇਕੱਤਰ ਕੀਤੀ ਭੀਖ ਨੂੰ ਲੈਣ ਤੋਂ ਇਨਕਾਰੀ ਹੋਵੇ ਤਾਂ ਇਨ੍ਹਾਂ ਦੇ ਬੂਹੇ ਅੱਗੇ ਮੰਗੀ ਹੋਈ ਭੀਖ ਦੀ ਢੇਰੀ ਕਰ ਦਿੱਤੀ ਜਾਵੇ। ਪਾਰਟੀ ਦੇ ਮੁੱਖ ਬੁਲਾਰੇ ਸ. ਧਾਲੀਵਾਲ ਨੇ ਸੁਖਬੀਰ ਸਿੰਘ ਬਾਦਲ ਵਲੋਂ ਕੀਤੀਆਂ ਜਾ ਰਹੀਆਂ ਰੈਲੀਆਂ ‘ਚ ਪੰਜਾਬ ਬਚਾਓ-ਸੁਖਬੀਰ ਸਿੰਘ ਬਾਦਲ ਲਿਆਓ ਦਾ ਨਾਅਰਾ ਦੇਣ ਵਾਲੇ ਅਕਾਲੀਆਂ ਨੂੰ ਆਪਣੀ ਅਲੋਚਣਾ ਦਾ ਸ਼ਿਕਾਰ ਬਣਾਉਂਦਿਆਂ ਕਿਹਾ ਕਿ 2007 ਤੋਂ 2017 ਤੱਕ ਲਗਾਤਾਰ 10 ਸਾਲ ਸੱਤਾ ਤੇ ਕਾਬਜ਼ ਰਹਿਣ ਦੌਰਾਨ ਪੰਜਾਬ ਦੇ ਸਰਕਾਰੀ ਤੇ ਗੈਰ ਸਰਕਾਰੀ ਖਜ਼ਾਨਿਆਂ ਦੀ ਕਥਿਤ ਲੁੱਟ ਕਰਕੇ ਪੰਜਾਬ ਸਿਰ ਕਰਜਾ ਚਾੜ੍ਹੇ ਜਾਣ, ਸੌਦਾ ਸਾਧ ਰਾਮ ਰਹੀਮ ਨੂੰ ਉਤਸ਼ਾਹਿਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਾਂਡ ਲਈ ਮਾਹੌਲ ਸਿਰਜਣ, ਫਿਰ ਸੌਦਾ ਸਾਧ ਗੁਰਮੀਤ ਰਾਮ ਰਹੀਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੁਆਫੀ ਦਿਵਾਉਣ ਤੇ ਨਸ਼ਿਆਂ ਦਾ ਪਸਾਰ ਕਰਕੇ ਨੌਜੁਆਨੀ ਦਾ ਘਾਣ ਕਰਨ ਤੋਂ ਇਲਾਵਾ ਗੈਂਗਸਟਰਵਾਦ ਨੂੰ ਪੈਦਾ ਕਰਨ ਦੇ ਮੰਦਭਾਗੇ ਦੌਰ ਲਈ ਕਥਿਤ ਤੌਰ ਤੇ ਜਿੰਮੇਵਾਰ ਅਕਾਲੀ ਸਰਕਾਰ ‘ਚ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਅਜੇ ਤੱਕ ਕੋਈ ਵੀ ਪੰਜਾਬੀ ਭੁੱਲ ਨਹੀਂ ਸਕਿਆ ਅਤੇ ਨਾ ਹੀ ਕਦਾਚਿੱਤ ਭੁਲੇਗਾ। ਜਿਸ ਦੇ ਨਤੀਜੇ ਵੱਜੋਂ ਸੁਖਬੀਰ ਬਾਦਲ ਦੀਆਂ ਹਲਕਾ ਪੱਧਰ ਰੈਲੀਆਂ ਦਾ ਪ੍ਰਚਾਰ ਕਰਕੇ ਸੂਬਾ ਪੱਧਰ ਇਕੱਠ ਕਰਕੇ ਕੀਤੀਆਂ ਜਾਣ ਵਾਲੀਆਂ ਰੈਲੀਆਂ ਦੇ ਅਡੰਬਰ ਤੋਂ ਕੋਈ ਵੀ ਸੂਝਵਾਨ ਪੰਜਾਬੀ ਇਨ੍ਹਾਂ ਰੈਲੀਆਂ ਦੇ ਹੱਕ ‘ਚ ਭੁਗਤਣ ਲਈ ਤਿਆਰ ਨਹੀਂ ਹੋ ਰਿਹਾ ਅਤੇ ਸੁਖਬੀਰ ਬਾਦਲ ਸੱਤਾ ਤੇ ਲਿਆਓ ਨਹੀਂ ਸਗੋਂ ਅਗਾਮੀ ਪੰਜਾਬ ਚੋਣਾਂ 2027 ਦੌਰਾਨ ਸੁਖਬੀਰ ਬਾਦਲ ਭਜਾਓ ਦਾ ਨਾਅਰਾ ਦੇਣ ਲਈ ਮਨ ਬਣਾ ਕੇ ਬੈਠਾ ਹੈ, ਜਿਸ ਦੇ ਨਤੀਜੇ ਵੱਜੋਂ ਸੁਖਬੀਰ ਬਾਦਲ ਨੂੰ ਰੈਲੀਆਂ ‘ਚ ਸਥਾਨਕ ਲੋਕਾਂ ਦੀ ਗੈਰ ਹਾਜਰੀ ਕਾਰਣ ਮੂੰਹ ਦੀ ਖਾਣੀ ਪੈ ਰਹੀ ਹੈ।

# ਦੋ ਬੇੜੀਆਂ ਵਿੱਚ ਸਵਾਰ ਨਾ ਹੋਵੀਂ,

## ਸੱਜਣਾ ਖੱਜਲ-ਖੁਆਰ ਨਾ ਹੋਵੀ !



ਲੇਖਕ : ਰਣਜੀਤ ਕੌਰ ਟ੍ਰਾਂਟੋ।

ਦੋ ਬੇੜੀਆਂ ਵਿੱਚ ਸਵਾਰ ਨਾ ਹੋਵੀਂ,
ਸੱਜਣਾ ਖੱਜਲ -ਖੁਆਰ ਨਾ ਹੋਵੀ !
ਤੀਰੇ ਇਸ਼ਕ ਤੋੜ ਦਈ ਅੰਦਰ,
ਮੁੜ-ਮੁੜ ਸੀਨਿਉ ਪਾਰ ਨਾ ਹੋਵੀਂ !
ਪੱਟ ਦਿੰਦੀ ਇਹ ਦੁਨੀਆਂ ਮਿਟੀਆਂ,
ਦੇਖੀ ਸਰੇ-ਬਜਾਰ ਨਾ ਹੋਵੀਂ !
ਜੇ ਲੱਗੀਆਂ ਤੋੜ ਨਿਭਾਵੀਂ ਰੂਹ ਨਾ,
ਝੱਲਿਆ ਦੁੱਕੀ ਦਾ ਯਾਰ ਨਾ ਹੋਵੀਂ !
ਪੱਤਝੜ ਲਈਂ ਸਵੀਕਾਰ ਤੂੰ ਹੱਸ ਕੇ,
ਆਈ ਨਾ ਛੱਡੀ ਬਹਾਰ ਨਾ ਹੋਵੀਂ !
ਛੁਰੀ ਜਹੀ ਕਿਸੇ ਦਿੱਖ ਨੂੰ ਤੱਕ ਦਿਆਂ,
ਆਪੇ ਵਿੱਚੋਂ ਬਾਹਰ ਨਾ ਹੋਵੀਂ !
ਬਣਦੇ ਫਰਜ ਭੁਲਾ ਕੇ ਮਨ ਚੋਂ,
ਜਿੰਦਗੀ ਵਿੱਚ ਦੁਸ਼ਵਾਰ ਨਾ ਹੋਵੀਂ !
ਮੁਹਬੱਤ ਜਾਣ ਕੇ ਖੇਲ-ਤਮਾਸ਼ਾ
ਮਹਿਬੂਬ ਲਈ ਗਮਾਂ ਦਾ ਹਾਰ ਨਾ
ਹੋਵੀਂ !
ਹਿਜਰਾਂ ਵਾਲੀ ਅੱਗ ਕਸੂਤੀ,ਝੁਲਸ
ਕੇ ਇਸ ਚੋਂ ਪਾਰ ਨਾ ਹੋਵੀ !
ਮੁੜ-ਮੁੜ ਅੰਦਰ ਝਾਤੀ ਮਾਰੀਂ,ਕਿਸੇ
ਬੇਕਸੂਰ ਤੇ ਵਾਰ ਨਾ ਹੋਵੀ !
ਡਰ-ਡਰ ਜਿੰਦਗੀ ਕੱਟ ਦੀ ਕਿੱਥੇ,
ਹੱਦੋਂ ਵੱਧ ਹੁਸ਼ਿਆਰ ਨਾ ਹੋਵੀ !
ਰਣਜੀਤ ਕੋਈ ਹੋਵੇ ਨਾਮ ਨਾ ਜਿਸਦਾ,
ਲੁਕਿਆ-ਛੁਪਿਆ ਪਿਆਰ ਨਾ ਹੋਵੀਂ !
ਦੋ ਬੇੜੀਆਂ ਵਿੱਚ ਸਵਾਰ ਨਾ ਹੋਵੀਂ,
ਸੱਜਣਾ......!!!

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

# ਮੇਰੀ ਲਿਖੀ ਜਾ ਰਹੀ ਪੁਸਤਕ :- ਸਾਡੇ ਰਿਸ਼ਤੇ, ਪਿਆਰ ਅਤੇ ਸਮਾਜ ਵਿੱਚੋਂ। ਆਪਣੀ ਕਿਰਤ ਕਮਾਈ ਕਰਕੇ ਪੈਸਾ ਜੋੜੋ, ਜਾਤਾਂ ਧਰਮਾਂ ਆਦਿ ਦੇ ਝਗੜਿਆਂ ਤੋਂ ਬਚੋ, ਹਰਲਾਜ ਸਿੰਘ ਬਹਾਦਰਪੁਰ।



ਸਾਡੇ ਪਿੰਡ ਦੇ ਡੇਰੇ ਤੇ 2001 ਵਿੱਚ ਹੋਏ ਪਾਠ ਦੇ ਭੋਗ ਤੋਂ ਬਾਅਦ ਡੇਰੇ ਵਿੱਚ ਲੱਗੇ ਨਕਲੀਆਂ (ਭੰਡਾਂ) ਦੇ ਅਖਾੜੇ ਤੋਂ ਦੁੱਖੀ ਹੋਏ ਮੈਂ ਅਤੇ ਬਾਬਾ ਧਰਮ ਸਿੰਘ ਗ੍ਰੰਥੀ ਨੇ 18 ਸਤੰਬਰ 2001 ਨੂੰ ਅਕਾਲ ਤਖਤ ਦੇ ਜੱਥੇਦਾਰ ਨੂੰ ਚਿੱਠੀ ਲਿਖੀ, ਇਹ ਚਿੱਠੀ ਮੈਂ ਧਰਮ ਸਿੰਘ ਦੇ ਨਾਮ ਤੇ ਲਿਖੀ ਸੀ ।

ਸਤਿਕਾਰ ਯੋਗ ਸਿੰਘ ਸਾਹਿਬ ਜੋਗਿੰਦਰ ਸਿੰਘ ਜੀ ਜਥੇਦਾਰ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ,

ਬੇਨਤੀ ਹੈ ਕਿ ਅਸੀਂ ਗੁਰੂ ਘਰਾਂ ਦੇ ਗ੍ਰੰਥੀ ਕੀ ਕਰੀਏ ਕੀ ਨਾ ਕਰੀਏ, ਜੋ ਪਿੰਡਾਂ ਸ਼ਹਿਰਾਂ ਦੇ ਗੁਰੂ ਘਰਾਂ ਦੀਆਂ ਲੋਕਲ ਕਮੇਟੀਆਂ ਹਨ ਜਿੰਨਾ ਦੇ ਮੈਂਬਰ ਬੇਅੰਮ੍ਰਿਤੀਏ ਜਾਂ ਗੁਰਮਤਿ ਤੋਂ ਅਣਜਾਣ ਹੀ ਹੁੰਦੇ ਹਨ, ਜਿਸ ਕਾਰਨ ਅੱਜ ਡੇਰੇ, ਕਬਰਾਂ, ਮੜੀਆਂ ਆਦਿ ਥਾਵਾਂ ਉੱਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਪ੍ਰਕਾਸ਼ ਹੁੰਦੇ ਹਨ। ਜਿੱਥੇ ਸੱਭ ਕੁੱਝ ਗੁਰਮਤਿ ਦੇ ਉਲਟ ਹੁੰਦਾ ਹੈ, ਗੁਰੂ ਘਰਾਂ ਦੀਆਂ ਕਮੇਟੀਆਂ ਦੇ ਮੈਂਬਰ ਹੀ ਡੇਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਹੁੰਦੇ ਹਨ। ਜਿਸ ਦੇ ਕਾਰਨ ਗ੍ਰੰਥੀਆਂ ਨੂੰ ਵੀ ਡੇਰਿਆਂ ਮੜੀਆਂ ਆਦਿ ਥਾਵਾਂ ਤੇ ਮਜਬੂਰਨ ਜਾਣਾ ਪੈਂਦਾ ਹੈ, ਜੇ ਕੋਈ ਗ੍ਰੰਥੀ ਸਿੰਘ ਮਨਮਤਿ ਦਾ ਵਿਰੋਧ ਕਰਦਾ ਹੈ ਤਾਂ ਉਸ ਦੀ ਛੁੱਟੀ ਕਰ ਦਿੱਤੀ ਜਾਂਦੀ ਹੈ ਜਿਸ ਤਰ੍ਹਾਂ ਭਾਈ ਮਾਨ ਸਿੰਘ (ਹੈੱਡ ਗ੍ਰੰਥੀ ਤਖਤ ਸ੍ਰੀ ਦਮਦਮਾ ਸਾਹਿਬ) ਦੀ ਕੀਤੀ ਗਈ ਹੈ। ਅੱਜ ਕੱਲ੍ਹ ਤਾਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਗੁਰੂ ਘਰਾਂ ਵਿੱਚ ਵੀ ਪੰਥਕ ਮਰਯਾਦਾ ਲਾਗੂ ਨਹੀਂ ਹੈ। ਹਰ ਡੇਰੇਦਾਰ ਸੰਤ ਦੀ ਵੱਖੋ ਵੱਖਰੀ ਮਰਯਾਦਾ ਹੈ ਜਿਸ ਕਰਕੇ ਗ੍ਰੰਥੀ ਸਿੰਘਾਂ ਨੂੰ ਪਿੰਡਾਂ ਵਿੱਚ ਵੱਖ ਵੱਖ ਘਰਾਂ ਵਿੱਚ ਵੱਖਰੀ ਵੱਖਰੀ ਮਰਯਾਦਾ ਅਨੁਸਾਰ ਪਾਠ ਕਰਨੇ ਪੈਂਦੇ ਹਨ। ਇਸ ਲਈ ਜਥੇਦਾਰ ਅਕਾਲ ਤਖਤ ਸਾਹਿਬ ਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਸਿੱਖ ਪੰਥ ਨੂੰ ਹੁਕਮਨਾਮਾਂ ਜਾਰੀ ਕਰੇ ਕਿ ਡੇਰੇ, ਕਬਰਾਂ,ਮੜੀਆਂ ਆਦਿ ਥਾਵਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਪ੍ਰਕਾਸ਼ ਨਾ ਕੀਤਾ ਜਾਵੇ। ਹਰੇਕ ਗੁਰੂ ਘਰ ਵਿੱਚ ਇੱਕੋ ਪੰਥਕ ਮਰਯਾਦਾ ਲਾਗੂ ਹੋਵੇ, ਇਸ ਕਾਰਜ ਨੂੰ ਨੂੰ ਨੇਪਰੇ ਚਾੜ੍ਹਨ ਲਈ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਗੁਰਮਤਿ ਨਿਗਰਾਨ ਕਮੇਟੀਆਂ ਦਾ ਗੰਠਨ ਕੀਤਾ ਜਾਵੇ ਜੋ ਪਿੰਡਾਂ ਸਹਿਰਾਂ ਦੇ ਗੁਰੂ ਘਰਾਂ ਵਿੱਚ ਜਾ ਕੇ ਆਪ ਜਾਇਜਾ ਲੈਣ, ਜਿਹੜੇ ਗੁਰੂ ਘਰ ਵਿੱਚ ਪੰਥਕ ਮਰਯਾਦਾ ਤੋਂ ਉਲਟ ਕੋਈ ਮਨਮਤਿ ਹੁੰਦੀ ਹੋਵੇ, ਉਸ ਗੁਰੂ ਘਰ ਦੇ ਗ੍ਰੰਥੀ ਅਤੇ ਸਬੰਧਤ ਕਮੇਟੀ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਂਦਾ, ਇਸ ਲਈ ਲੋੜ ਹੈ ਠੋਸ ਕਦਮ ਚੁੱਕਣ ਦੀ, ਆਸ ਹੈ ਕਿ ਦਾਸ ਦੀ ਬੇਨਤੀ ਵੱਲ ਜਰੂਰ ਧਿਆਨ ਦੇਉਂਗੇ।

ਗੁਰੂ ਪੰਥ ਦਾ ਦਾਸ ਧਰਮ ਸਿੰਘ ਗ੍ਰੰਥੀ ਗੁਰਦੁਆਰਾ ਜੰਡਸਰ ਸਾਹਿਬ, ਪਿੰਡ ਬਹਾਦਰਪੁਰ ਡਾਕਖਾਨਾ ਖਾਸ, ਤਹਿਸੀਲ ਬੁਢਲਾਡਾ, ਜਿਲਾ ਮਾਨਸਾ, ਪਿੰਨ ਕੋਡ 151501

ਮਿਤੀ 18-9 2001

16 ਨਵੰਬਰ 2001 ਵਿੱਚ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ, 17 ਨਵੰਬਰ ਨੂੰ ਇਹ ਖਬਰ ਅਖਬਾਰਾਂ ਵਿੱਚ ਆ ਗਈ, ਕਿ ਜਥੇਦਾਰ ਵੇਦਾਂਤੀ ਵੱਲੋਂ ਪਾਵਨ ਸਰੂਪ ਕਬਰਾਂ, ਮਜਾਰਾਂ, ਖਾਨਗਾਹਾਂ ਆਦਿ ਤੇ ਲਿਜਾ ਕੇ ਅਖੰਡਪਾਠ ਰੱਖਣ ਦੀ ਮਨਾਹੀ। ਜਦੋਂ ਮੈਂ ਤੇ ਬਾਬਾ ਧਰਮ ਸਿੰਘ ਗ੍ਰੰਥੀ ਨੇ ਲਾਇਬ੍ਰੇਰੀ ਵਿੱਚ ਬੈਠਿਆਂ ਇਹ ਖਬਰ ਵੇਖੀ ਤਾਂ ਸਾਨੂੰ ਬਹੁਤ ਖੁਸ਼ੀ ਹੋਈ ਕਿ ਆਪਣੀ ਭੇਜੀ ਚਿੱਠੀ ਤੇ ਜਥੇਦਾਰ ਨੇ ਆਪਣੇ ਲਿਖੇ ਅਨੁਸਾਰ ਹੀ ਹੁਕਮਨਾਮਾ ਜਾਰੀ ਕਰ ਦਿੱਤਾ ਹੈ। ਫਿਰ ਪਿੰਡ ਵਿੱਚ ਬਸੰਤ ਮੁਨੀ ਦੇ ਡੇਰੇ ਤੇ ਰਹਿੰਦੇ ਸਾਧ ਬੋਹੜ ਦਾਸ ਨੇ ਡੇਰੇ ਵਿੱਚ ਪਾਠ ਪ੍ਰਕਾਸ਼ ਕਰਵਾਉਣਾ ਸੀ, ਇਸ ਡੇਰੇ ਵਿੱਚ ਮੂਰਤੀਆਂ ਵੀ ਸਨ, ਜਿੰਨਾ ਵਿੱਚ ਸ੍ਰੀ ਚੰਦ ਦੀ ਵੱਡੀ ਮੂਰਤੀ ਅਤੇ ਸ਼ਿਵਜੀ, ਪਾਰਵਤੀ, ਗਣੇਸ਼ ਆਦਿ ਦੀਆਂ ਛੋਟੀਆਂ ਛੋਟੀਆਂ ਮੂਰਤੀਆਂ ਸਨ, ਇਹਨਾਂ ਛੋਟੀਆਂ ਮੂਰਤੀਆਂ ਬਾਰੇ ਸਾਨੂੰ ਕੋਈ ਜਾਣਕਾਰੀ ਵੀ ਨਹੀਂ ਸੀ, ਸਾਨੂੰ ਤਾਂ ਸਿਰਫ ਸ੍ਰੀ ਚੰਦ ਦੀ ਵੱਡੀ ਮੂਰਤੀ ਦਾ ਹੀ ਪਤਾ ਸੀ, ਉਹ ਅਸੀਂ ਪਹਿਲਾਂ ਹੀ ਡੇਰੇ ਵਿੱਚ ਵੇਖੀ ਹੋਈ ਸੀ। ਮੈਂ ਅਤੇ ਬਾਬਾ ਧਰਮ ਸਿੰਘ ਨੇ ਅਕਾਲ ਤਖਤ ਸਾਹਿਬ ਦੇ ਹੁਕਮ ਨਾਮੇ ਅਨੁਸਾਰ ਇਸ ਡੇਰੇ ਵਿੱਚ ਕਰਵਾਏ ਜਾ ਰਹੇ ਪਾਠ ਦਾ ਵਿਰੋਧ ਕੀਤਾ ਅਤੇ ਇਸ ਸਬੰਧ ਵਿੱਚ ਅਕਾਲ ਤਖਤ, ਧਰਮ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੋਮਣੀ ਖਾਲਸਾ ਪੰਚਾਇਤ, ਅਖਬਾਰਾਂ, ਸਪੋਕਸਮੈਨ ਮਾਸਿਕ ਨੂੰ ਆਦਿ ਨੂੰ ਚਿੱਠੀ ਪੱਤਰ, ਫੈਕਸ ਆਦਿ ਭੇਜਦੇ ਰਹੇ, ਧਰਮ ਪਰਚਾਰ ਕਮੇਟੀ ਅੰਮ੍ਰਿਤਸਰ ਵੱਲੋਂ ਜਗਤਾਰ ਸਿੰਘ ਜੰਗੀਆਣਾ, ਨਿੱਕਾ ਸਿੰਘ, ਗੁਰਨਾਮ ਸਿੰਘ ਖਿਉਵਾਲਾ ਆਦਿ ਪ੍ਰਚਾਰਕ ਡੇਰੇ ਵਿੱਚ ਭੇਜੇ ਗਏ, ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਵੀ ਪ੍ਰਚਾਰਕ ਸਿੰਘ ਆਉਂਦੇ ਰਹੇ ਜੋ ਵਿੱਚਕਾਰਲਾ ਜਿਹਾ ਰਸਤਾ ਅਪਣਾ ਕੇ ਗੱਲ ਨੂੰ ਅੱਧ ਵਿੱਚਕਾਰ ਹੀ ਛੱਡ ਕੇ ਜਾਂਦੇ ਰਹੇ, ਕਿਉਂਕਿ ਅਕਾਲ ਤਖਤ ਦੇ ਹੁਕਮਨਾਮੇ ਅਨੁਸਾਰ ਤਾਂ ਅਸੀਂ ਸਹੀ ਹੁੰਦੇ ਸੀ, ਪਰ ਇਸ ਪਾਸੇ ਅਸੀਂ ਦੋ ਜਣੇ ਹੀ ਹੁੰਦੇ ਸੀ, ਦੂਜੇ ਪਾਸੇ ਸਾਡੇ ਵਿਰੁੱਧ ਡੇਰੇ ਵਾਲਿਆਂ ਦੇ ਪੱਖ ਵਿੱਚ ਲੋਕ ਜਿਆਦਾ ਹੁੰਦੇ ਸਨ, ਹੁਕਮਨਾਮਾਂ ਲਾਗੂ ਕਰਵਾਉਣ ਆਉਂਦੇ ਪ੍ਰਚਾਰਕ ਡੇਰਾ ਪੱਖੀਆਂ ਦੀ ਬਹੁ ਗਿਣਤੀ ਦੇ ਵਿਰੁੱਧ ਸਹੀ ਫੈਸਲਾ ਲੈਣ ਦੀ ਥਾਂ ਗੱਲ ਨੂੰ ਗੋਲਮੋਲ ਕਰ ਜਾਂਦੇ ਸੀ। ਪਿੰਡ ਵਿੱਚ ਸਾਡਾ ਵਿਰੋਧ ਵੀ ਬਹੁਤ ਹੋਇਆ, ਪਿੰਡ ਦੇ ਆਗੂ ਕਹਾਉਂਦੇ ਸਿੱਖ ਵੀ ਸਾਡੇ ਵਿਰੋਧ ਵਿੱਚ ਅਕਾਲ ਤਖਤ ਦੇ ਜੱਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਕੋਲੋਂ ਡੇਰੇ ਵਿੱਚ ਪਾਠ ਕਰਨ ਦੀ ਆਗਿਆ ਲੈ ਕੇ ਆਂਉਦੇ ਰਹੇ ਸਨ, ਇਹ ਕਲੇਸ਼ ਬਹੁਤ ਸਮਾਂ ਚਲਦਾ ਰਿਹਾ, ਸਾਡਾ ਪਿੰਡ ਚਰਚਾ ਵਿੱਚ ਵੀ ਰਿਹਾ, ਫਿਰ ਹੋਰ ਪਿੰਡਾਂ ਦੇ ਲੋਕ ਵੀ ਸਾਡੇ ਕੋਲ ਆਉਣ ਲੱਗ ਗਏ ਕਿ ਸਾਡੇ ਪਿੰਡ ਦੇ ਡੇਰੇ ਵਿੱਚੋਂ ਵੀ ਪਾਠ ਰੁਕਵਾਓ, ਅਸੀਂ ਉਹਨਾ ਦਾ ਚਿੱਠੀ ਪੱਤਰ ਵੀ ਇਸੇ ਤਰਾਂ ਭੇਜਦੇ ਰਹੇ, ਹੌਲੀ ਹੌਲੀ ਕੁੱਝ ਡੇਰਿਆਂ ਵਿੱਚ ਪਾਠ ਹੋਣੇ ਬੰਦ ਹੋ ਗਏ। ਸਪੋਕਸਮੈਨ ਮਾਸਿਕ ਨਾਲ ਤਾਂ ਮੈਂ ਪਹਿਲਾਂ ਹੀ ਜੁੜਿਆ ਹੋਇਆ ਸੀ, 2003 ਵਿੱਚ ਸਪੋਕਸਮੈਨ ਵੱਲੋਂ ਸੱਦੇ ਗਏ ਵਿਸ਼ਵ ਸਿੱਖ ਸਮੇਲਨ ਵਿੱਚ ਵੀ ਮੈਂ ਆਪਣੇ ਪਿੰਡੋਂ ਦੋ ਗੱਡੀਆਂ ਰਾਹੀਂ ਬੰਦੇ ਬੁੜੀਆਂ (ਪੁਰਸ਼ ਇਸਤਰੀਆਂ) ਲੈ ਕੇ ਗਿਆ ਸੀ। ਫਿਰ 2005 ਤੋਂ ਸਪੋਕਸਮੈਨ ਦੇ ਪ੍ਰੈਸ ਰਿਪੋਰਟਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਡੇਰਾਬਾਦ ਦੇ ਪਖੰਡ ਦਾ ਵਿਰੋਧ ਤਾਂ ਦਿਮਾਗ ਵਿੱਚ ਪਹਿਲਾਂ ਹੀ ਸੀ, ਪੱਤਰਕਾਰ ਬਣ ਕੇ ਵੀ ਇਹ ਵਿਰੋਧ ਉਸੇ ਤਰ੍ਹਾਂ ਜਾਰੀ ਰਿਹਾ, ਪਿੰਡ ਕਾਹਨਗੜ੍ਹ ਦੇ ਡੇਰੇ ਦਾ ਸਾਧ ਗੌਤਮ ਦਾਸ ਡੇਰੇ ਵਿੱਚ ਦਲਿਤਾਂ ਨਾਲ ਵਿਤਕਰਾ ਕਰਦਾ ਸੀ, ਇੱਕ ਬਾਰ ਮੂਰਤੀ ਦੀ ਸੋਭਾ ਯਾਤਰਾ ਕੱਢਦੇ ਸਮੇਂ ਉਸ ਨੇ ਇੱਕ ਦਲਿਤ ਔਰਤ ਨੂੰ ਲੱਤ ਮਾਰ ਦਿੱਤੀ ਸੀ, 3 ਫਰਵਰੀ 2006 ਨੂੰ ਮੈਂ ਇਹ ਖਬਰ ਰੋਜਾਨਾ ਸਪੋਕਸਮੈਨ ਵਿੱਚ ਲਾ ਦਿੱਤੀ ਕਿ ਸਾਧ ਨੇ ਦਲਿਤ ਔਰਤ ਨੂੰ ਲੱਤ ਮਾਰ ਦਿੱਤੀ, ਇਸ ਖਬਰ ਦੇ ਵਿਰੁੱਧ ਸਾਧ ਨੇ ਮੇਰੇ ਉੱਤੇ ਅਦਾਲਤ ਵਿੱਚ ਕੇਸ ਕਰ ਦਿੱਤਾ ਸੀ, ਇਸ ਕੇਸ ਵਿੱਚ 12 ਦਸੰਬਰ 2009 ਨੂੰ ਮੇਰੀ ਪਹਿਲੀ ਪੇਸ਼ੀ ਸੀ, 10 ਸਤੰਬਰ 2012 ਨੂੰ ਇਹ ਕੇਸ ਰੱਦ ਹੋ ਗਿਆ ਸੀ। ਅਫਸੋਸ ਪਿੰਡ ਦੇ ਹੋਰ ਦਲਿਤਾਂ ਨੇ ਤਾਂ ਮੇਰਾ ਕੀ ਸਾਥ ਦੇਣਾ ਸੀ, ਜਿਹੜੀ ਇਸਤਰੀ ਦੇ ਲੱਤ ਮਾਰੀ ਸੀ ਉਸ ਨੇ ਵੀ ਮੇਰਾ ਸਾਥ ਨਹੀਂ ਦਿੱਤਾ। ਇਸੇ ਸਾਧ ਨੇ ਫਿਰ ਪਿੰਡ ਖੁਡਾਲ ਕਲਾਂ ਦੇ ਡੇਰੇ ਵਿੱਚ ਦਲਿਤਾਂ ਨੂੰ ਸੇਵਾ ਕਰਨ ਤੋਂ ਰੋਕ ਕੇ ਉਹਨਾ ਨੂੰ ਜਾਤੀ ਤੌਰ ਤੇ ਅਪਮਾਨਿਤ ਕੀਤਾ, 1 ਸਤੰਬਰ 2009 ਨੂੰ ਮੈਂ ਇਹ ਖਬਰ ਵੀ ਰੋਜਾਨਾ ਸਪੋਕਸਮੈਨ ਵਿੱਚ ਲਾ ਦਿੱਤੀ ਕਿ ਸਾਧ ਨੇ ਇਸ ਤਰ੍ਹਾਂ ਦਲਿਤਾਂ ਦਾ ਅਪਮਾਨ ਕੀਤਾ ਹੈ, ਇਸ ਬਾਰ ਵੀ ਸਾਧ ਨੇ ਮੇਰੇ ਉੱਤੇ ਅਦਾਲਤ ਵਿੱਚ ਫਿਰ ਕੇਸ ਕਰ ਦਿੱਤਾ। ਇਸ ਕੇਸ ਦੀ ਪਹਿਲੀ ਪੇਸ਼ੀ 2 ਅਗਸਤ 2014 ਦੀ ਸੀ, 7 ਸਤੰਬਰ 2015 ਨੂੰ ਇਹ ਕੇਸ ਵੀ ਰੱਦ ਹੋ ਗਿਆ ਸੀ। ਇਸ ਕੇਸ ਵਿੱਚ 8-10 ਬੰਦਿਆਂ ਨੇ ਅੱਗੇ ਹੋ ਕੇ ਖਬਰ ਦਿੱਤੀ ਸੀ, ਪਰ ਅਖੀਰ ਦੋ ਬੰਦੇ ਹੀ ਮੇਰੇ ਨਾਲ ਰਹਿ ਗਏ ਸਨ ਬਾਕੀ ਸੱਭ ਪਿੱਛੇ ਹਟ ਗਏ ਸਨ। ਇੱਕ ਬਾਰ 13 ਮਾਰਚ 2009 ਨੂੰ ਪਿੰਡ ਭਖੜਿਆਲ ਦੇ ਸਾਧ ਗੁਰਮੇਲ ਦਾਸ ਨੇ ਉੱਥੋਂ ਦੇ ਐੱਸ ਸੀ ਸਰਪੰਚ ਮਹਿੰਦਰ ਸਿੰਘ ਸਮੇਤ ਪਿੰਡ ਦੇ ਸਮੂੰਹ ਦਲਿਤਾਂ ਨੂੰ ਇੱਕ ਭੰਡਾਰੇ ਸਮੇਂ ਡੇਰੇ ਦੇ ਅੰਦਰਲੇ ਗੇਟ ਤੋਂ ਅਗਲੇ ਪਾਸੇ ਬਹਿ ਕੇ ਲੰਗਰ ਛੱਕਣ ਤੋਂ ਰੋਕ ਦਿੱਤਾ ਸੀ, ਉਹਨਾ ਨੇ ਖੁਦ ਪ੍ਰੈਸਨੋਟ ਟਾਇਪ ਕਰਵਾ ਕੇ ਸਰਪੰਚ ਦੀ ਮੋਹਰ ਅਤੇ ਦਸਤਖਤ ਕਰਵਾ ਕੇ ਦਿੱਤਾ ਸੀ, ਅਸੀਂ (ਮੈਂ ਅਤੇ ਅਜੀਤ ਅਖਬਾਰ ਦਾ ਪੱਤਰਕਾਰ) ਖੁਦ ਵੀ ਸਰਪੰਚ ਦੇ ਘਰ ਜਾ ਕੇ ਗੱਲਬਾਤ ਕੀਤੀ, ਫਿਰ ਡੇਰੇ ਦੇ ਸਾਧ ਨੂੰ ਵੀ ਮਿਲੇ, ਸਾਧ ਨੇ ਵੀ ਸਰਪੰਚ ਵੱਲੋਂ ਦੱਸੀਆਂ ਗੱਲਾਂ ਦੀ ਪੁਸ਼ਟੀ ਕਰਦਿਆਂ ਕਿਹਾ ਸੀ ਕਿ ਡੇਰੇ ਵਿੱਚ ਵਿਤਕਰਾ ਤਾਂ ਕੋਈ ਨਹੀਂ ਹੈ ਪਰ ਦਲਿਤਾਂ ਦੀ ਪੰਗਤ ਇਸ ਚਾਰਦਿਵਾਰੀ ਤੋਂ ਬਾਹਰ ਹੁੰਦੀ ਹੈ, ਉਹ ਅੰਦਰਲੇ ਪਾਸੇ ਬਹਿ ਕੇ ਲੰਗਰ ਨਹੀਂ ਛੱਕ ਸਕਦੇ, ਸਮਾਧ ਨੂੰ ਮੱਥਾ ਤਾਂ ਟੇਕ ਸਕਦੇ ਹਨ, ਪਰ ਚਾਰਦਿਵਾਰੀ ਤੋਂ ਬਾਹਰ ਖੜ੍ਹ ਕੇ ਹੀ ਟੇਕ ਸਕਦੇ ਹਨ ਅੰਦਰ ਨਹੀਂ ਆ ਸਕਦੇ, ਉਸ ਸਮੇਂ 13 ਮਾਰਚ 2009 ਨੂੰ ਵੀ ਇਹ ਖਬਰ ਸਿਰਫ ਮੈਂ ਹੀ ਲਾਈ ਸੀ, ਇਸ ਖਬਰ ਤੇ ਪੜਤਾਲ ਵੀ ਹੋਈ ਸੀ, ਇਸ ਖਬਰ ਦੇ ਅਧਾਰ ਤੇ ਹੀ ਕਿਸੇ ਸਮੇਂ ਬਹੁਜਨ ਸਮਾਜ ਪਾਰਟੀ ਦੇ ਕਿਸਾਨ ਵਿੰਗ ਪੰਜਾਬ ਦੇ ਪ੍ਰਧਾਨ ਰਹੇ ਮੇਜਰ ਪ੍ਰਿਤਪਾਲ ਸਿੰਘ ਵੀ ਲੁਧਿਆਣੇ ਤੋਂ ਪਿੰਡ ਭਖੜਿਆਲ ਸਰਪੰਚ ਨੂੰ ਮਿਲ ਕੇ ਗਏ ਸੀ, ਪਰ ਕਿਸੇ ਹੋਰ ਨੇ ਧੰਨਵਾਦ ਤਾਂ ਕੀ ਕਰਨਾ ਸੀ, ਉਲਟਾ ਉਸ ਸਮੇਂ ਐੱਸ ਸੀ ਕਮਿਸ਼ਨ ਦੇ ਚੇਅਰਮੈਨ ਦਲੀਪ ਸਿੰਘ ਪਾਂਧੀ ਦਾ ਫੋਨ ਆਇਆ ਸੀ ਕਿ ਅਜਿਹੀਆਂ ਖਬਰਾਂ ਨਾ ਲਾਇਆ ਕਰੋ। ਬੇਸ਼ੱਕ ਕੁੱਝ ਡੇਰਿਆਂ ਵਿੱਚ ਹੁੰਦੇ ਪਾਠ ਵੀ ਬੰਦ ਹੋ ਗਏ, ਦੋਹੇਂ ਬਾਰ ਕੇਸ ਵੀ ਮੈਂ ਜਿੱਤ ਗਿਆ ਸੀ, ਪਰ ਸਿੱਖਣ ਨੂੰ ਕਾਫੀ ਕੁੱਝ ਮਿਲਿਆ, ਕਿ ਜਿਸ ਅਕਾਲ ਤਖਤ ਨੂੰ ਉੱਚਾ ਤੇ ਸੱਚਾ ਸਮਝਦੇ ਸੀ, ਜਿਸ ਦੇ ਹੁਕਮ ਨੂੰ ਮੰਨਦਿਆਂ ਪੂਰੇ ਪਿੰਡ ਦੇ ਵਰੁੱਧ ਅਸੀਂ ਦੋ ਜਣੇ ਡੱਟ ਕੇ ਖੜ੍ਹ ਗਏ ਸੀ, ਉਸ ਅਕਾਲ ਤਖਤ ਨੇ ਆਪਣੇ ਹੁਕਮ ਨੂੰ ਲਾਗੂ ਕਰਵਾਉਣ ਲਈ ਵੀ ਸਾਡਾ ਸਾਥ ਦੇਣ ਦੀ ਥਾਂ ਸਾਡੇ ਪੱਲੇ ਨਿਰਾਸ਼ਾ ਹੀ ਪਾਈ ਸੀ, ਜਿੰਨਾ ਦਲਿਤਾਂ ਦੇ ਅਪਮਾਨ ਦੇ ਵਿਰੁੱਧ ਸਾਧਾਂ ਦਾ ਅਤੇ ਸਾਧਾਂ ਦੇ ਅਮੀਰ ਸਾਥੀਆਂ ਦੇ ਵਿਰੋਧ ਦਾ ਸਾਹਮਣਾ ਕਰਦਿਆਂ, ਸਮਾਂ ਅਤੇ ਪੈਸਾ ਬਰਬਾਦ ਕਰਨ ਦੇ ਨਾਲ ਨਾਲ ਚਾਰ ਸਾਲ ਅਦਾਲਤਾਂ ਵਿੱਚ ਧੱਕੇ ਖਾਧੇ, ਉਹ ਨਿਮਾਣੇ ਸਮਝੇ ਜਾਂਦੇ ਦਲਿਤ ਵੀ ਨਾਲ ਨਾ ਖੜ੍ਹੇ, ਦਲਿਤਾਂ ਦਾ ਸਨਮਾਨ ਬਹਾਲ ਕਰਵਾਉਣ ਦੇ ਨਾਮ ਤੇ ਮਿਲੀ ਕੁਰਸੀ ਤੇ ਬੈਠਾ ਅਨੰਦ ਮਾਣ ਰਿਹਾ ਐੱਸ ਸੀ ਕਮਿਸ਼ਨ ਦਾ ਚੇਅਰਮੈਨ ਪਾਂਧੀ ਵੀ ਦਲਿਤਾਂ ਦੀ ਥਾਂ ਦਲਿਤਾਂ ਦਾ ਅਪਮਾਨ ਕਰਨ ਵਾਲੇ ਸਾਧ ਦੇ ਪੈਰਾਂ ਵਿੱਚ ਬੈਠਾ ਵਿਖਾਈ ਦਿੱਤਾ। ਜਿਸ ਸਪੋਕਸਮੈਨ ਨੂੰ ਸਿੱਖ ਕੌਮ ਦੀ ਅਵਾਜ ਸਮਝ ਕੇ ਉਸ ਦੀ ਨਿਸ਼ਕਾਮ ਸੇਵਾ ਕਰਦੇ ਰਹੇ, ਉਸ ਸਪੋਕਸਮੈਨ ਨੇ ਪੈਸੇ ਦੀ ਕਾਮਨਾ ਕਰਦਿਆਂ ਜੇ ਕਿਸੇ ਦੇ ਵਿਰੁੱਧ ਕੋਈ ਖਬਰ ਹੁੰਦੀ ਤਾਂ ਉਸ ਨਾਲ ਸੌਦੇਵਾਜੀ ਕਰਕੇ ਮੇਰੀਆਂ ਖਬਰਾਂ ਮਿਸ ਕਰਨੀਆਂ ਸ਼ੁਰੂ ਕਰਕੇ ਮੇਰੀ ਅਵਾਜ ਬੰਦ ਕਰਨੀ ਸ਼ੁਰੂ ਕਰ ਦਿੱਤੀ ਸੀ, ਕਦੇ ਕਿਸੇ ਕੇਸ ਸਮੇਂ ਹਾਲ ਤੱਕ ਨਹੀਂ ਸੀ ਪੁੱਛਿਆ। 16 ਨਵੰਬਰ 2001 ਵਿੱਚ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਤੋਂ ਲੈ ਕੇ ਸਾਧ ਦੇ ਕੇਸ ਵਾਲੀ 7 ਸਤੰਬਰ 2015 ਦੀ ਆਖਰੀ ਪੇਸ਼ੀ ਤੱਕ 12 ਸਾਲ 10 ਮਹੀਨੇ ਆਪਣੇ ਘਰ ਦੇ ਕੰਮ ਛੱਡਕੇ ਆਪਣਾ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਇਲਾਵਾ ਕੁੱਝ ਵੀ ਨਹੀਂ ਖੱਟਿਆ, ਅਕਾਲ ਤਖਤ ਦੇ ਹੁਕਮਨਾਮਿਆਂ ਦਾ ਪੱਖ, ਡੇਰਾਬਾਦ ਦਾ ਵਿਰੋਧ, ਦਲਿਤਾਂ ਦੇ ਮਾਨ ਸਨਮਾਨ ਲਈ, ਸਿੱਖ ਕੌਮ ਦੀ ਅਵਾਜ ਸਮਝਦਿਆਂ ਸਪੋਕਸਮੈਨ ਦੀ ਸੇਵਾ ਕਰਦਿਆਂ ਜਿੰਦਗੀ ਦੇ 13 ਸਾਲ ਬਰਬਾਦ ਕਰ ਲਏ। ਬੇਸ਼ੱਕ ਮੈਨੂੰ ਇਹ ਸੱਭ ਕੁੱਝ ਕਰਨ ਤੇ ਕੋਈ ਅਫਸੋਸ ਨਹੀਂ ਹੈ, ਮੈਨੂੰ ਤਾਂ ਮਾਣ ਹੈ ਕਿ ਮੈਂ ਕੁੱਝ ਵੀ ਗਲਤ ਨਹੀਂ ਸੀ ਕੀਤਾ, ਕੋਈ ਮਾੜਾ ਕੰਮ ਨਹੀਂ ਕੀਤਾ, ਕੋਈ ਹੇਰਾ ਫੇਰੀ ਠੱਗੀ ਚੋਰੀ ਨਹੀਂ ਸੀ ਕੀਤੀ, ਜੋ ਵੀ ਕੀਤਾ, ਤਨੋ ਮਨੋ ਕੀਤਾ, ਸੇਵਾ ਸਮਝ ਕੇ ਕੀਤਾ ਸੀ। ਪਰ ਇਹ ਸੱਭ ਕੁੱਝ ਕਰਨ ਤੋਂ ਬਾਅਦ ਪਤਾ ਚੱਲਿਆ ਕਿ ਇੱਥੇ ਹਰ ਕੋਈ ਕਮਾਈ ਕਰ ਰਿਹਾ, ਕੋਈ ਧਰਮ ਦੇ ਨਾਮ ਤੇ, ਕੋਈ ਦਲਿਤਾਂ ਦੇ ਨਾਮ ਤੇ, ਕੋਈ ਡੇਰੇ ਦੇ ਨਾਮ ਤੇ, ਕੋਈ ਪ੍ਰੈਸ ਦੇ ਨਾਮ ਤੇ, ਕੋਈ ਸਿੱਖ ਜਾਂ ਹੋਰ ਆਪਣੀ ਕੌਮ ਦੀ ਅਵਾਜ ਦੇ ਨਾਮ ਤੇ। ਜਿਸ ਤਰ੍ਹਾਂ ਮੈਂ ਬਿਨਾ ਕੁੱਝ ਕਮਾਈ ਕੀਤਿਆਂ ਇਹ ਸੱਭ ਕੁੱਝ ਸਮਰਪਿਤ ਹੋ ਕੇ ਸੇਵਾ ਭਾਵਨਾ ਨਾਲ ਪੱਲਿਉਂ ਖਰਚਾ ਕਰਕੇ ਕਰਦਾ ਰਿਹਾ, ਉਹਨਾ ਹਾਲਾਤਾਂ ਅਨੁਸਾਰ ਤਾਂ ਮੈਂ ਅੱਜ ਰੋਟੀ ਤੋਂ ਵੀ ਭੁੱਖਾ ਮਰਨਾ ਸੀ, ਇਹ ਤਾਂ ਧੰਨਵਾਦ ਮੇਰੇ ਬਾਪੂ ਜੱਗਰ ਸਿੰਘ ਜੀ ਦਾ ਜਿਸ ਨੇ ਦਿਨ ਰਾਤ ਮਿਹਨਤ ਨਾਲ ਖੇਤੀ ਕਰਕੇ ਜਾਇਦਾਦ ਬਣਾ ਕੇ ਜਮੀਨ ਦੇ ਸਾਨੂੰ ਦੋਹਾਂ ਭਰਾਵਾਂ ਨੂੰ 19 ਕਿੱਲੇ ਦਿੱਤੇ ਸਨ, ਜਿੰਨਾ ਕਰਕੇ ਮੇਰੇ ਘਰ ਪ੍ਰੀਵਾਰ ਦਾ ਖਰਚਾ ਚਲਦਾ ਰਿਹਾ। ਮੈਂ ਇਹ ਅਜਿਹੀ ਲੋਕ ਸੇਵਾ ਕਰਦਾ ਰਿਹਾ, ਛੋਟਾ ਭਰਾ ਰਾਮਲਾਜ ਸਿੰਘ ਲੀਡਰੀ ਵਿੱਚ ਪੈ ਗਿਆ ਸੀ, ਜਿਸ ਕਾਰਨ ਸਾਡੇ ਪੰਜ ਕਿੱਲੇ ਜਮੀਨ ਦੇ ਵਿਕ ਗਏ ਸਨ, 19 ਦੀ ਥਾਂ 14 ਰਹਿ ਗਏ ਕਿੱਲਿਆਂ ਵਿੱਚੋਂ ਹੁਣ ਸਾਡੇ ਦੋਹਾਂ ਭਰਾਵਾਂ ਕੋਲ ਸੱਤ ਸੱਤ ਕਿੱਲੇ ਜਮੀਨ ਦੇ ਹਨ। ਮੇਰੇ 13 ਸਾਲ ਦੇ ਉਸ ਸਮੇਂ ਦੇ ਤੁਜਰਬੇ ਵਿੱਚੋਂ ਮੈਂ ਇਹੀ ਸਿੱਖਿਆ ਹੈ ਕਿ ਇੱਥੇ ਹਰ ਕੋਈ ਕਮਾਈ ਕਰਦਾ ਹੈ, ਇਹ ਧਰਮ, ਪ੍ਰੈਸ, ਦਲਿਤ ਆਦਿ ਚਲਾਕ ਲੋਕਾਂ ਵੱਲੋਂ ਬਣਾਏ ਗਏ ਕਮਾਈ ਕਰਨ ਦੇ ਸੰਦ ਹਨ, ਜੋ ਲੋਕਾਂ ਨੂੰ ਜਾਤਾਂ ਧਰਮਾਂ ਵਿੱਚ ਵੰਡ ਕੇ ਉਹਨਾ ਨੂੰ ਆਪਸ ਵਿੱਚ ਲੜਾ ਕੇ ਰਾਜ ਕਰਦੇ ਹਨ, ਇੱਥੇ ਕਿਸੇ ਧਰਮ ਜਾਂ ਜਾਤ ਨੂੰ ਕੋਈ ਖਤਰਾ ਨਹੀਂ ਹੈ, ਜੇ ਕੋਈ ਖਤਰਾ ਹੈ ਤਾਂ ਉਸ ਦਾ ਹੱਲ ਵੀ ਕੋਈ ਨਹੀਂ ਕਰਦਾ, ਕਿਸੇ ਵੀ ਕਿਸਮ ਦੇ ਖਤਰੇ ਦਾ ਰੌਲਾ ਪਾਉਣ ਵਾਲੇ ਚਲਾਕ ਲੋਕ ਤੁਹਾਨੂੰ ਗੁਮਰਾਹ ਕਰਕੇ ਉਸਕਾਅ ਕੇ, ਲੜਾ ਕੇ ਆਪਣਾ ਕੰਮ ਕੱਢ ਜਾਂਦੇ ਹਨ, ਇਸ ਲਈ ਐਵੇਂ ਭਾਵੁਕ ਹੋ ਕੇ ਕਿਸੇ ਲਈ ਕਮਾਈ ਦਾ ਸੰਦ ਬਣਕੇ ਆਪਣਾ ਸਮਾਂ ਅਤੇ ਪੈਸਾ ਬਰਬਾਦ ਨਾ ਕਰੋ, ਇਹਨਾ ਜਾਤਾਂ ਧਰਮਾਂ ਦੀਆਂ ਵੰਡੀਆਂ ਦੇ ਝਗੜਿਆਂ ਵਿੱਚ ਇਹੀ ਚੱਲਦਾ ਹੈ ਕਿ ਜਾਂ ਤਾਂ ਤੁਸੀਂ ਕਿਸੇ ਨੂੰ ਵਰਤ ਜਾਓ, ਜਾਂ ਕੋਈ ਤੁਹਾਨੂੰ ਵਰਤ ਜਾਵੇਗਾ, ਇਸ ਲਈ ਇਹਨਾ ਦੇ ਚੱਕਰਾਂ ਵਿੱਚੋਂ ਨਿਕਲ ਕੇ ਆਪਣੇ ਲਈ ਕੰਮ ਕਰੋ, ਪੈਸਾ ਕਮਾਓ, ਬੇਸ਼ੱਕ ਪੈਸਾ ਸੱਭ ਕੁੱਝ ਨਹੀਂ ਹੁੰਦਾ ਪਰ ਬਹੁਤ ਕੁੱਝ ਹੁੰਦਾ, ਜੇ ਤੁਹਾਡੇ ਕੋਲ ਪੈਸਾ ਨਹੀਂ ਹੈ ਤਾਂ ਤੁਹਾਨੂੰ ਕੋਈ ਨਹੀਂ ਪਹਿਚਾਣੇਗਾ, ਲੋਕ ਤੁਹਾਨੂੰ ਬੁਲਾਉਣਾ ਵੀ ਪਸੰਦ ਨਹੀਂ ਕਰਨਗੇ, ਜੇ ਤੁਹਾਡੇ ਕੋਲ ਪੈਸਾ ਹੈ ਤਾਂ ਆਪਣੀ ਜਿੰਦਗੀ ਚੰਗੀ ਤਰਾਂ ਜੀਅ ਸਕੋਂਗੇ, ਤੁਹਾਨੂੰ ਪੈਸੇ ਦੀ ਮੋਹ ਮਮਤਾ ਤੂੰ ਦੂਰ ਰਹਿਣ ਦਾ ਉਪਦੇਸ ਦੇਣ ਵਾਲਿਆਂ ਦੇ ਧਾਰਮਿਕ ਅਸਥਾਨ ਵੀ ਪੈਸੇ ਤੋਂ ਵਗੈਰ ਨਹੀਂ ਚੱਲਦੇ, ਸੋਚ ਕੇ ਵੇਖਿਓ ਤੁਹਾਨੂੰ ਪੈਸੇ ਦਾ ਤਿਆਗ ਕਰਨ ਦਾ ਪ੍ਰਚਾਰ ਕਰਨ ਵਾਲੇ ਅਖੌਤੀ ਤਿਆਗੀ ਧਰਮੀ ਤੁਹਾਡੇ ਤੋਂ ਦਾਨ ਦੇ ਨਾਮ ਤੇ ਪੈਸਾ ਲੈਣ ਲਈ ਕਿਵੇਂ ਲੇਹਲੜੀਆਂ ਕੱਢ ਰਹੇ ਹੁੰਦੇ ਹਨ, ਕਿਉਂਕਿ ਇਹ ਨਾਮ ਧਰੀਕ ਵਿਖਾਵੇ ਵਾਲੇ ਭੇਖੀ ਧਰਮ ਕਿਸੇ ਦੀ ਲੋੜ ਨਹੀਂ ਹਨ, ਪਰ ਪੈਸਾ ਹਰ ਇੱਕ ਦੀ ਲੋੜ ਹੈ, ਹਾਂ ਪੈਸਾ ਕਮਾਉਣ ਲਈ ਕਿਸੇ ਤੇ ਜੁਰਮ ਨਾ ਕਰੋ, ਕਿਸੇ ਦਾ ਹੱਕ ਨਾ ਮਾਰੋ, ਠੱਗੀ, ਚੋਰੀ ਨਾ ਕਰੋ ਪਰ ਆਪਣੀ ਕਿਰਤ ਕਮਾਈ ਕਰਕੇ ਪੈਸਾ ਜਰੂਰ ਜੋੜੋ, ਜਾਤਾਂ, ਧਰਮਾਂ, ਡੇਰਿਆਂ, ਪਾਰਟੀਆਂ ਆਦਿ ਦੇ ਝਗੜਿਆਂ ਤੋਂ ਬਚੋ।

ਹਰਲਾਜ ਸਿੰਘ ਬਹਾਦਰਪੁਰ
ਪਿੰਡ ਤੇ ਡਾਕ : ਬਹਾਦਰਪੁਰ
ਤਹਿ: ਬੁਢਲਾਡਾ,ਜਿਲ੍ਹਾ ਮਾਨਸਾ (ਪੰਜਾਬ)
ਪਿੰਨਕੋਡ-151501
ਮੋਬਾਇਲ-94170-23911

# ਮੱਧ-ਵਰਗੀ ਬੰਦਾ ਤੇ ਬ੍ਰਾਂਡਾਂ ਦੀ ਗੁਲਾਮੀ ਅਤੇ ਕਿਸ਼ਤਾਂ 'ਤੇ ਵਿਕਦਾ ਸਕੂਨ



ਅਸੀਂ ਇੱਕ ਅਜਿਹੇ ਅਜੀਬ ਮਾਨਸਿਕ ਦੌਰ ਵਿੱਚੋਂ ਗੁਜ਼ਰ ਰਹੇ ਹਾਂ ਜਿੱਥੇ ਇਨਸਾਨ ਦੀ ਅਹਿਮੀਅਤ ਉਸ ਦੇ ਕਿਰਦਾਰ ਜਾਂ ਇਮਾਨਦਾਰੀ ਤੋਂ ਨਹੀਂ, ਸਗੋਂ ਉਸ ਦੇ ਹੱਥ ਵਿੱਚ ਫੜੇ iPhone ਜਾਂ ਉਸ ਦੀ ਕਮੀਜ਼ 'ਤੇ ਲੱਗੇ ਕਿਸੇ ਮਹਿੰਗੇ ਲੋਗੋ (Logo) ਤੋਂ ਨਾਪੀ ਜਾਂਦੀ ਹੈ। ਖ਼ਾਸ ਕਰਕੇ ਮੱਧ-ਵਰਗੀ ਪਰਿਵਾਰਾਂ ਲਈ ਇਹ ਦਿਖਾਵਾ ਹੁਣ ਸਿਰਫ਼ ਸ਼ੌਕ ਨਹੀਂ ਰਿਹਾ, ਸਗੋਂ ਇੱਕ ਅਜਿਹੀ ਮਜਬੂਰੀ ਬਣ ਗਿਆ ਹੈ ਜਿਸ ਨੇ ਸਾਡਾ ਮਾਨਸਿਕ ਸਕੂਨ ਗਿਰਵੀ ਰੱਖ ਲਿਆ ਹੈ। ਅਸੀਂ ਅੱਜ ਉਹ ਚੀਜ਼ਾਂ ਖਰੀਦਣ ਲਈ ਦਿਨ-ਰਾਤ ਇੱਕ ਕਰ ਰਹੇ ਹਾਂ ਜਿਨ੍ਹਾਂ ਦੀ ਸਾਨੂੰ ਸ਼ਾਇਦ ਲੋੜ ਵੀ ਨਹੀਂ, ਸਿਰਫ਼ ਉਹਨਾਂ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਜਿਨ੍ਹਾਂ ਨੂੰ ਅਸੀਂ ਸ਼ਾਇਦ ਦਿਲੋਂ ਪਸੰਦ ਵੀ ਨਹੀਂ ਕਰਦੇ।

ਜੇਕਰ ਅਸੀਂ ਗਹਿਰਾਈ ਨਾਲ ਦੇਖੀਏ ਤਾਂ ਸਾਡੀ ਹਾਲਤ ਉਹਨਾਂ ਕੈਦੀਆਂ ਵਰਗੀ ਹੋ ਗਈ ਹੈ ਜੋ ਖੁਦ ਹੀ ਆਪਣੀਆਂ ਬੇੜੀਆਂ ਖਰੀਦ ਕੇ ਲਿਆਉਂਦੇ ਹਨ। ਅੱਜ ਦਾ ਨੌਜਵਾਨ, ਜਿਸ ਦੀ ਮਹੀਨੇ ਦੀ ਕਮਾਈ ਸ਼ਾਇਦ 25-30 ਹਜ਼ਾਰ ਰੁਪਏ ਹੈ, ਉਹ ਡੇਢ ਲੱਖ ਦਾ ਫ਼ੋਨ ਸਿਰਫ਼ ਇਸ ਲਈ 'ਕਿਸ਼ਤਾਂ' (EMI) 'ਤੇ ਚੁੱਕ ਲੈਂਦਾ ਹੈ ਕਿਉਂਕਿ ਦੋਸਤਾਂ ਦੇ ਸਰਕਲ ਵਿੱਚ ਉਸ ਦਾ 'ਟੌਹਰ' ਘੱਟ ਨਾ ਜਾਵੇ। ਇੱਕ ਤਾਜ਼ਾ ਰਿਸਰਚ ਦੇ ਅੰਕੜੇ ਦੱਸਦੇ ਹਨ ਕਿ ਭਾਰਤ ਵਿੱਚ 'ਨਿੱਜੀ ਕਰਜ਼ਾ' (Personal Debt) ਪਿਛਲੇ ਕੁਝ ਸਾਲਾਂ ਵਿੱਚ 30 ਫ਼ੀਸਦੀ ਦੀ ਤੇਜ਼ੀ ਨਾਲ ਵਧਿਆ ਹੈ। ਇਸ ਕਰਜ਼ੇ ਦਾ ਵੱਡਾ ਹਿੱਸਾ ਘਰ ਜਾਂ ਪੜ੍ਹਾਈ ਲਈ ਨਹੀਂ, ਸਗੋਂ ਲਗਜ਼ਰੀ ਚੀਜ਼ਾਂ ਅਤੇ ਆਪਣੀ ਜੀਵਨ-ਸ਼ੈਲੀ ਨੂੰ 'ਬ੍ਰਾਂਡਿਡ' ਦਿਖਾਉਣ ਲਈ ਲਿਆ ਜਾ ਰਿਹਾ ਹੈ। ਅਸੀਂ ਉਹਨਾਂ ਘੰਟਿਆਂ ਨੂੰ ਕਿਸ਼ਤਾਂ ਵਿੱਚ ਵੇਚ ਰਹੇ ਹਾਂ ਜੋ ਅਸੀਂ ਆਪਣੇ ਪਰਿਵਾਰ ਨਾਲ ਗੁਜ਼ਾਰਨੇ ਸਨ। ਹਰ ਮਹੀਨੇ ਦੀ ਪਹਿਲੀ ਤਰੀਕ ਤੋਂ ਦਸ ਤਰੀਕ ਦੇ ਵਿਚਕਾਰ ਜਦੋਂ ਬੈਂਕ ਦਾ ਮੈਸੇਜ ਆਉਂਦਾ ਹੈ, ਤਾਂ ਉਹ ਮਹਿੰਗਾ ਫ਼ੋਨ ਹੱਥ ਵਿੱਚ ਫੜਿਆ ਬਹੁਤ ਭਾਰੀ ਲੱਗਣ ਲੱਗ ਪੈਂਦਾ ਹੈ।

ਇਸ ਦਿਖਾਵੇ ਦੀ ਅੰਨ੍ਹੀ ਦੌੜ ਨੇ ਸਾਡੇ ਰਿਸ਼ਤਿਆਂ ਵਿੱਚ ਵੀ ਇੱਕ ਮਕੈਨੀਕਲ ਦੂਰੀ ਪੈਦਾ ਕਰ ਦਿੱਤੀ ਹੈ। ਅਸੀਂ ਮਹਿੰਗੇ ਹੋਟਲਾਂ ਵਿੱਚ ਖਾਣਾ ਖਾਣ ਇਸ ਲਈ ਜਾਂਦੇ ਹਾਂ ਤਾਂ ਜੋ ਉਸ ਦੀ ਫੋਟੋ ਸੋਸ਼ਲ ਮੀਡੀਆ 'ਤੇ ਪਾ ਕੇ ਦੁਨੀਆ ਨੂੰ ਦੱਸ ਸਕੀਏ ਕਿ ਅਸੀਂ 'ਖ਼ੁਸ਼' ਹਾਂ। ਪਰ ਸੱਚ ਤਾਂ ਇਹ ਹੈ ਕਿ ਉਸ ਮਹਿੰਗੇ ਮੇਜ਼ 'ਤੇ ਬੈਠੇ ਦੋ ਇਨਸਾਨ ਅਕਸਰ ਇੱਕ-ਦੂਜੇ ਦੀਆਂ ਗੱਲਾਂ ਸੁਣਨ ਦੀ ਬਜਾਏ ਆਪਣੇ-ਆਪਣੇ ਫ਼ੋਨ ਦੀਆਂ ਸਕਰੀਨਾਂ ਵਿੱਚ ਗੁਆਚੇ ਹੁੰਦੇ ਹਨ। ਅਸੀਂ ਆਪਣੇ ਬੱਚਿਆਂ ਨੂੰ ਮਹਿੰਗੇ ਬ੍ਰਾਂਡਾਂ ਦੇ ਕੱਪੜੇ ਤਾਂ ਪਾ ਦਿੱਤੇ, ਪਰ ਉਹਨਾਂ ਨੂੰ ਉਹ 'ਵਕਤ' ਤੇ 'ਸੰਸਕਾਰ' ਨਹੀਂ ਦੇ ਸਕੇ ਜੋ ਉਹਨਾਂ ਦੀ ਅਸਲ ਲੋੜ ਸੀ। ਅਸੀਂ 'ਲਾਈਫਸਟਾਈਲ ਕ੍ਰੀਪ' (Lifestyle Creep) ਦੇ ਅਜਿਹੇ ਜਾਲ ਵਿੱਚ ਫਸ ਗਏ ਹਾਂ ਜਿੱਥੇ ਆਮਦਨ ਵਧਣ ਤੋਂ ਪਹਿਲਾਂ ਹੀ ਸਾਡੇ ਦਿਖਾਵੇ ਵਾਲੇ ਖ਼ਰਚੇ ਵਧ ਜਾਂਦੇ ਹਨ। ਰਾਤ ਨੂੰ ਨੀਂਦ iPhone ਦੇ ਨਵੇਂ ਫੀਚਰਾਂ ਕਰਕੇ ਨਹੀਂ, ਸਗੋਂ ਇਸ ਫ਼ਿਕਰ ਕਰਕੇ ਉੱਡ ਜਾਂਦੀ ਹੈ ਕਿ ਜੇ ਅਗਲੇ ਮਹੀਨੇ ਤਨਖਾਹ ਵਿੱਚ ਥੋੜ੍ਹੀ ਵੀ ਦੇਰੀ ਹੋ ਗਈ ਤਾਂ ਬੈਂਕ ਦੀਆਂ ਕਿਸ਼ਤਾਂ ਦਾ ਹਿਸਾਬ ਕਿਵੇਂ ਬਣੇਗਾ।

ਇੱਕ ਲੇਖਕ ਵਜੋਂ ਮੇਰੀ ਰੂਹ ਅਕਸਰ ਇਹ ਸਵਾਲ ਪੁੱਛਦੀ ਹੈ ਕਿ ਅਸੀਂ ਅਸਲ ਅਮੀਰੀ ਕਿਸ ਨੂੰ ਮੰਨ ਲਿਆ ਹੈ? ਕੀ ਅਮੀਰੀ ਸਿਰਫ਼ ਬਾਜ਼ਾਰੋਂ ਖਰੀਦੀਆਂ ਚੀਜ਼ਾਂ ਦਾ ਸੰਗ੍ਰਹਿ ਹੈ? ਅਸਲ ਅਮੀਰੀ ਤਾਂ "ਘੱਟ ਵਿੱਚ ਖ਼ੁਸ਼ ਰਹਿਣ" ਦੀ ਉਸ ਕਲਾ ਵਿੱਚ ਸੀ ਜੋ ਸਾਡੇ ਪੁਰਖਿਆਂ ਕੋਲ ਸੀ। ਉਹਨਾਂ ਕੋਲ ਕੋਈ 'ਡਿਜ਼ਾਈਨਰ' ਕੱਪੜੇ ਨਹੀਂ ਸਨ, ਪਰ ਉਹਨਾਂ ਦੇ ਕਿਰਦਾਰ ਵਿੱਚ ਇੱਕ ਅਜਿਹੀ ਚਮਕ ਸੀ ਜੋ ਅੱਜ ਦੇ ਮਹਿੰਗੇ ਫੇਸ਼ੀਅਲ ਵੀ ਨਹੀਂ ਦੇ ਸਕਦੇ। ਜਿਸ ਦਿਨ ਸਾਨੂੰ ਇਹ ਸਮਝ ਆ ਗਈ ਕਿ ਸਾਡੀ ਕੀਮਤ ਸਾਡੇ ਕੱਪੜਿਆਂ ਦੇ ਟੈਗ ਤੋਂ ਨਹੀਂ, ਸਗੋਂ ਸਾਡੀ ਜ਼ਬਾਨ ਦੀ ਮਿਠਾਸ ਅਤੇ ਸਾਡੀ ਸੋਚ ਦੀ ਗਹਿਰਾਈ ਤੋਂ ਹੈ, ਉਸ ਦਿਨ ਸਾਡੇ ਮਨ ਦਾ ਬੋਝ ਹੌਲਾ ਹੋ ਜਾਵੇਗਾ। ਅਸੀਂ ਚੀਜ਼ਾਂ ਦੇ ਮਾਲਕ ਬਣਨ ਚੱਲੇ ਸੀ, ਪਰ ਅਣਜਾਣੇ ਵਿੱਚ ਅਸੀਂ ਉਹਨਾਂ ਦੇ ਗੁਲਾਮ ਬਣ ਕੇ ਰਹਿ ਗਏ ਹਾਂ।

ਆਓ, ਇਸ ਦਿਖਾਵੇ ਦੀ ਦੌੜ ਵਿੱਚੋਂ ਬਾਹਰ ਨਿਕਲ ਕੇ ਆਪਣੀਆਂ ਅਸਲ ਲੋੜਾਂ ਨੂੰ ਪਛਾਣੀਏ। ਸ਼ੌਕ ਉਹ ਪਾਲੀਏ ਜੋ ਸਾਡੀ ਰੂਹ ਨੂੰ ਖ਼ੁਸ਼ੀ ਦੇਣ, ਨਾ ਕਿ ਉਹ ਜੋ ਸਿਰਫ਼ ਗੁਆਂਢੀ ਦੀਆਂ ਅੱਖਾਂ ਵਿੱਚ ਚੁੰਧਿਆਹਟ ਪੈਦਾ ਕਰਨ। ਯਾਦ ਰੱਖੋ, ਜ਼ਿੰਦਗੀ ਕਿਸ਼ਤਾਂ ਭਰ ਕੇ ਗੁਜ਼ਾਰਨ ਲਈ ਨਹੀਂ, ਸਗੋਂ ਹਰ ਪਲ ਨੂੰ ਰੀਝ ਨਾਲ ਜਿਊਣ ਲਈ ਮਿਲੀ ਹੈ। ਸਭ ਤੋਂ ਵੱਡੀ ਦੌਲਤ ਉਹ ਸਕੂਨ ਹੈ ਜੋ ਸ਼ਾਮ ਨੂੰ ਘਰ ਆ ਕੇ ਬਿਨਾਂ ਕਿਸੇ ਫ਼ਿਕਰ ਦੇ, ਮਾਂ ਦੀ ਬਣਾਈ ਸਾਦੀ ਰੋਟੀ ਖਾ ਕੇ ਅਤੇ ਬੱਚਿਆਂ ਦੀਆਂ ਕਿਲਕਾਰੀਆਂ ਸੁਣ ਕੇ ਨਸੀਬ ਹੁੰਦਾ ਹੈ। ਜੇ ਤੁਹਾਡੇ ਹੱਥ ਵਿੱਚ ਫੜਿਆ ਫ਼ੋਨ ਤੁਹਾਡੇ ਮਨ ਦੀ ਸ਼ਾਂਤੀ ਖੋਹ ਰਿਹਾ ਹੈ, ਤਾਂ ਸਮਝ ਲਓ ਕਿ ਤੁਸੀਂ ਉਸ ਨੂੰ ਨਹੀਂ ਖਰੀਦਿਆ, ਸਗੋਂ ਉਸ ਨੇ ਤੁਹਾਨੂੰ ਖਰੀਦ ਲਿਆ ਹੈ। ਆਪਣੀ ਆਜ਼ਾਦੀ ਨੂੰ ਇਹਨਾਂ ਬੇਜਾਨ ਚੀਜ਼ਾਂ ਦੇ ਨਾਮ ਨਾ ਕਰੋ ਅਤੇ ਸਾਦਗੀ ਦੀ ਉਸ ਬਰਕਤ ਵੱਲ ਮੁੜੋ ਜਿੱਥੇ ਜੀਵਨ ਸੱਚਮੁੱਚ ਖ਼ੂਬਸੂਰਤ ਹੈ।

ਸਨਦੀਪ ਸਿੱਧੂ - 9463661542

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com



# ਸੰਤ ਬਾਬਾ ਤਾਰਾ ਸਿੰਘ ਸਪੋਰਟਸ ਅਕੈਡਮੀ ਸਰਹਾਲੀ ਵੱਲੋਂ ਆਲ ਓਪਨ ਹਾਕੀ ਟੂਰਨਾਮੈਂਟ ਦਾ ਆਗਾਜ਼

ਚੋਹਲਾ ਸਾਹਿਬ 21 ਫਰਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ, ਸੰਤ ਬਾਬਾ ਤਾਰਾ ਸਿੰਘ ਜੀ ਸਪੋਰਟਸ ਅਕੈਡਮੀ ਅਤੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਦੇ ਮੈਦਾਨ ਵਿੱਚ ਅੱਜ ਤਿੰਨ ਦਿਨਾਂ ਆਲ ਓਪਨ ਹਾਕੀ ਟੂਰਨਾਮੈਂਟ ਸ਼ੁਰੂ ਹੋਇਆ। 20 ਤੋਂ 22 ਫਰਵਰੀ 2026 (ਸ਼ੁੱਕਰਵਾਰ ਤੋਂ ਐਤਵਾਰ) ਤੱਕ ਚੱਲਣ ਵਾਲਾ ਇਹ ਟੂਰਨਾਮੈਂਟ ਦੋ ਮਹਾਨ ਸ਼ਖਸੀਅਤਾਂ — ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਅਤੇ ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਹੈ। ਟੂਰਨਾਮੈਂਟ ਦਾ ਰਸਮੀ ਉਦਘਾਟਨ ਅੱਜ ਸੰਤ ਬਾਬਾ ਸੁੱਖਾ ਸਿੰਘ ਜੀ ਵੱਲੋਂ ਕੀਤਾ ਗਿਆ, ਜਿਨ੍ਹਾਂ ਦੀ ਅਧਿਆਤਮਿਕ ਹਾਜ਼ਰੀ ਨੇ ਇਸ ਸਮਾਗਮ ਦੀ ਮਹੱਤਤਾ ਨੂੰ ਹੋਰ ਵਧਾ ਦਿੱਤਾ ਅਤੇ ਸਮੂਹ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਟੂਰਨਾਮੈਂਟ ਵਿੱਚ ਮੋਗਾ, ਕਰਨਾਲ, ਬਾਠਲ, ਢੋਟੀਆਂ, ਚੋਹਲਾ ਸਾਹਿਬ, ਮਹਿਤਾ, ਸਰਹਾਲੀ ਸਾਹਿਬ, ਲੁਧਿਆਣਾ, ਆਰਮੀ 16 ਸਿੱਖ ਚੰਡੀਗੜ੍ਹ, ਛੇਹਰਟਾ, ਹੋਲੀ ਵਰਲਡ ਸਪੋਰਟਸ ਅਕੈਡਮੀ, ਬਾਬਾ ਬਕਾਲਾ ਸਮੇਤ ਵੱਖ-ਵੱਖ ਸ਼ਹਿਰਾਂ ਅਤੇ ਸੰਸਥਾਵਾਂ ਦੀਆਂ 16 ਟੀਮਾਂ ਬੜੇ ਉਤਸ਼ਾਹ ਨਾਲ ਭਾਗ ਲੈ ਰਹੀਆਂ ਹਨ। ਖਿਡਾਰੀਆਂ ਦੀ ਹੌਸਲਾ ਅਫਜ਼ਾਈ ਲਈ ਭਾਰੀ ਨਕਦ ਇਨਾਮਾਂ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿਚ ਪਹਿਲਾ ਇਨਾਮ (ਜੇਤੂ): ₹71,000 ਅਤੇ ਟਰਾਫੀ, ਦੂਜਾ ਇਨਾਮ (ਉਪ-ਜੇਤੂ): ₹51,000 ਅਤੇ ਟਰਾਫੀ, ਸੈਮੀਫਾਈਨਲਿਸਟ: ਦੋਵਾਂ ਟੀਮਾਂ ਨੂੰ ₹11,000-11,000, ਬਾਕੀ ਟੀਮਾਂ: ਭਾਗ ਲੈਣ ਵਾਲੀਆਂ ਬਾਕੀ 12 ਟੀਮਾਂ ਨੂੰ ₹1,100 ਪ੍ਰਤੀ ਟੀਮ ਇਨਾਮ ਦਿੱਤਾ ਜਾਵੇਗਾ। ਹਾਕੀ ਦੇ ਨਾਲ-ਨਾਲ ਇਸ ਖੇਡ ਮੇਲੇ ਵਿੱਚ ਐਥਲੈਟਿਕਸ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਲੜਕਿਆਂ ਲਈ 100 ਮੀਟਰ, 400 ਮੀਟਰ ਅਤੇ 400 ਮੀਟਰ ਰਿਲੇਅ ਰੇਸ, ਜਦਕਿ ਲੜਕੀਆਂ ਲਈ 100 ਮੀਟਰ ਅਤੇ 400 ਮੀਟਰ ਦੀਆਂ ਦੌੜਾਂ ਰੱਖੀਆਂ ਗਈਆਂ ਹਨ। ਇਸ ਤੋਂ ਇਲਾਵਾ ਸਲੋਅ ਸਾਈਕਲਿੰਗ (ਲੜਕੇ), ਲੰਬੀ ਛਾਲ (ਲੜਕੇ), ਪੋਟੈਟੋ ਰੇਸ (ਲੜਕੀਆਂ) ਅਤੇ ਬਜ਼ੁਰਗਾਂ (ਵੈਟਰਨਜ਼) ਦੀ ਦੌੜ ਇਸ ਖੇਡ ਉਤਸਵ ਨੂੰ ਹੋਰ ਵੀ ਦਿਲਚਸਪ ਬਣਾ ਰਹੀ ਹੈ।ਖੇਡਾਂ ਵਿੱਚ ਪੇਂਡੂ ਰੰਗ ਭਰਨ ਲਈ ਬੈਲ ਗੱਡੀਆਂ ਦੀ ਦੌੜ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇਗੀ। ਉਮੀਦ ਹੈ ਕਿ ਇਹ ਟੂਰਨਾਮੈਂਟ ਸਰਹਾਲੀ ਖੇਤਰ ਵਿੱਚ ਖੇਡ ਭਾਵਨਾ, ਵਿਰਾਸਤ ਅਤੇ ਭਾਈਚਾਰਕ ਸਾਂਝ ਦਾ ਇੱਕ ਸ਼ਾਨਦਾਰ ਪ੍ਰਤੀਕ ਬਣੇਗਾ।ਇਸ ਮੌਕੇ ਸ. ਹਰਜਿੰਦਰ ਸਿੰਘ (ਆਨਰੇਰੀ ਸਕੱਤਰ, ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਪ੍ਰਬੰਧਕੀ ਕਮੇਟੀ), ਡਾ. ਜਸਬੀਰ ਸਿੰਘ (ਪ੍ਰਿੰਸੀਪਲ), ਸ. ਕੁਲਦੀਪ ਸਿੰਘ (ਪੰਚਮ ਫਿਲਿੰਗ ਸਟੇਸ਼ਨ), ਸ਼੍ਰੀਮਤੀ ਨਰਿੰਦਰ ਕੌਰ, ਬਲਜਿੰਦਰ ਸਿੰਘ ਫੀਲੋ, ਸ. ਗੁਰਲਾਲ ਸਿੰਘ (ਕੋਚ), ਗੁਰਪ੍ਰੀਤ ਸਿੰਘ (ਕੋਚ), ਸ. ਲਖਵਿੰਦਰ ਸਿੰਘ, ਸ. ਧਰਮਿੰਦਰ ਸਿੰਘ, ਸ. ਸਰਬਜੀਤ ਸਿੰਘ, ਅਮਰਬੀਰ ਸਿੰਘ ਪਟਵਾਰੀ, ਵਰਿੰਦਰਪਾਲ ਸਿੰਘ, ਗੁਰਬਿੰਦਰ ਸਿੰਘ, ਕੁਲਵਿੰਦਰ ਸਿੰਘ, ਸਤਨਾਮ ਸਿੰਘ, ਅਰਜਨ ਸਿੰਘ ਸੰਧੂ ਸਮਾਜ ਸੇਵੀ ਅਤੇ ਸੁਖਮਨ ਸਿੰਘ ਅਤੇ ਹੋਰ ਕਈ ਮਾਣਯੋਗ ਸ਼ਖਸੀਅਤਾਂ ਹਾਜ਼ਰ ਸਨ।

# ਸੰਤ ਬਾਬਾ ਤਾਰਾ ਸਿੰਘ ਜੀ ਸਪੋਰਟਸ ਅਕੈਡਮੀ 'ਚ ਨਵੀਆਂ ਖੇਡ ਸਹੂਲਤਾਂ ਦਾ ਉਦਘਾਟਨ ਸੰਤ ਬਾਬਾ ਸੁੱਖਾ ਸਿੰਘ ਜੀ ਵੱਲੋਂ ਕੀਤਾ ਗਿਆ



ਤਰਨ ਤਾਰਨ/ਚੋਹਲਾ ਸਾਹਿਬ 21 ਫਰਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ, ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਜਿੱਥੇ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਕਈ ਸਕੂਲ ਅਤੇ ਕਾਲਜ ਚੱਲ ਰਹੇ ਹਨ, ਉਥੇ ਨਵੀਂ ਪੀੜ੍ਹੀ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਸੰਪਰਦਾਇ ਕਾਰ ਸੇਵਾ ਦੇ ਹੈਡ ਕੁਆਰਟਰ ਡੇਰਾ ਤਪੋਬਨ ਸਾਹਿਬ ਸਾਹਿਬ( ਨਵਾਂ ਪੜਾਅ) ਦੇ ਨਜ਼ਦੀਕ ਸਾਲ 2024 ਵਿਚ ਸੰਤ ਬਾਬਾ ਤਾਰਾ ਸਿੰਘ ਜੀ ਸਪੋਰਟਸ ਅਕੈਡਮੀ ਦੀ ਸ਼ੁਰੂਆਤ ਕੀਤੀ ਗਈ ਸੀ, ਜਿੱਥੇ ਇਸ ਵਕਤ 40 ਵਿਦਿਆਰਥੀ ਪੜ੍ਹਾਈ, ਰਿਹਾਇਸ਼ ਤੇ ਖਾਣੇ ਦੇ ਨਾਲ ਨਾਲ ਮੁਫਤ ਖੇਡ ਸਿੱਖਿਆ ਪ੍ਰਾਪਤ ਕਰ ਰਹੇ ਹਨ। ਅੱਜ ਇਸ ਅਕੈਡਮੀ ਵਿਚ ਲੋੜੀਂਦੀਆਂ ਸਹੂਲਤਾਂ ਵਿੱਚ ਵਾਧਾ ਕਰਦਿਆਂ ਖੇਡ ਮੈਦਾਨ ਦੀ ਸਾਂਭ ਸੰਭਾਲ ਹਿਤ ਪਾਣੀ ਦੇ ਫੁਹਾਰੇ ਲਗਵਾਏ ਗਏ, ਇੱਕ ਨਵਾਂ ਸ਼ੈਡ, ਅਤੇ ਖੇਡ ਪ੍ਰਚਮ ਲਹਿਰਾਉਣ ਲਈ ਥੜ੍ਹਾ ਤਿਆਰ ਕਰਵਾਇਆ ਗਿਆ ਹੈ। ਅੱਜ ਇਨਾਂ ਨਵੀਆਂ ਖੇਡ ਸਹੂਲਤਾਂ ਦਾ ਉਦਘਾਟਨ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਮੌਕੇ ਡਾ. ਜਸਬੀਰ ਸਿੰਘ (ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ) ਨੇ ਸੰਗਤ ਨੂੰ ਸੰਬੋਧਨ ਕਰਦਿਆਂ ਆਖਿਆ, " ਮਹਾਂਪੁਰਖਾਂ ਦੇ ਅਸ਼ੀਰਵਾਦ ਨਾਲ ਸੰਤ ਬਾਬਾ ਤਾਰਾ ਸਿੰਘ ਸਪੋਰਟਸ ਅਕੈਡਮੀ ਦਿਨੋ ਦਿਨ ਕਰਦੀ ਜਾ ਰਹੀ ਹੈ। ਨਵੀਂ ਪੀੜ੍ਹੀ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਬਾਬਾ ਜੀ ਦੀ ਇਸ ਦੀਰਘ ਦ੍ਰਿਸ਼ਟੀ ਵਾਲੀ ਸੋਚ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ। ਸਾਰੇ ਵਿਦਿਆਰਥੀ ਖਿਡਾਰੀ ਬਹੁਤ ਲਗਨ ਤੇ ਮਿਹਨਤ ਨਾਲ ਅਕੈਡਮੀ ਦਾ ਨਾਂ ਰੋਸ਼ਨ ਕਰ ਰਹੇ ਹਨ। ਭਵਿੱਖ ਵਿੱਚ ਜਲਦੀ ਹੀ ਇਸ ਅਕੈਡਮੀ ਦਾ ਨਾਂ ਪੂਰੀ ਦੁਨੀਆਂ ਵਿੱਚ ਚਮਕਦਾ ਹੋਇਆ ਅਸੀਂ ਸਭ ਵੇਖਾਂਗੇ। ਆਉਣ ਵਾਲੇ ਕੁਝ ਦਿਨਾਂ ਅੰਦਰ ਮਹਾਂਪੁਰਖਾਂ ਦੇ ਅਸ਼ੀਰਵਾਦ ਨਾਲ ਟੂਰਨਾਮੈਂਟ ਕਰਵਾਇਆ ਜਾ ਰਿਹਾ। ਅੱਜ ਇਹਨਾਂ ਨਵੀਆਂ ਖੇਡ ਸਹੂਲਤਾਂ ਦੇ ਉਦਘਾਟਨ ਸਮੇਂ ਮਹਾਂਪੁਰਖਾਂ ਨੇ ਆਸ਼ੀਰਵਾਦ ਬਖਸ਼ਿਆ ਹੈ ਅਸੀਂ ਸਾਰੇ ਸੰਤ ਬਾਬਾ ਸੁੱਖਾ ਸਿੰਘ ਜੀ ਅਤੇ ਉਨਾਂ ਦੇ ਨਾਲ ਆਏ ਪਤਵੰਤੇ ਸੱਜਣਾਂ ਦਾ ਸਪੋਰਟਸ ਅਕੈਡਮੀ ਦੇ ਵਿਹੜੇ ਵਿੱਚ ਨਿੱਘਾ ਸਵਾਗਤ ਕਰਦੇ ਹਾਂ। " ਇਸ ਮੌਕੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੇ ਪ੍ਰਬੰਧਕੀ ਕਮੇਟੀ ਦੇ ਆਨਰੇਰੀ ਸਕੱਤਰ ਸ੍ਰ. ਹਰਜਿੰਦਰ ਸਿੰਘ ਬਿੱਲਿਆਂਵਾਲਾ, ਇਸ ਮੌਕੇ ਸੰਗਤ ਵਿਚ ਸ੍ਰ. ਕੁਲਦੀਪ ਸਿੰਘ ਪੰਚਮ ਫਿਲਿੰਗ ਸਟੇਸ਼ਨ, ਮੈਡਮ ਨਰਿੰਦਰ ਕੌਰ, ਬਲਜਿੰਦਰ ਸਿੰਘ ਫੀਲੋ, ਗੁਰਲਾਲ ਸਿੰਘ, ਸ੍ਰ. ਰਣਜੀਤ ਸਿੰਘ ਨੰਬਰਦਾਰ ਚੋਹਲਾ ਸਾਹਿਬ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਸੁੱਖਾ ਅਤੇ ਇਲਾਕੇ ਦੇ ਹੋਰ ਕਈ ਪਤਵੰਤੇ ਹਾਜ਼ਰ ਸਨ।

# ਤਰਨ ਤਾਰਨ ਸ਼ਹਿਰ ਵਿਚ ਗੁ. ਭਾਈ ਕਰਮ ਸਿੰਘ ਹਾਲ ਦੀ ਸੰਗਤ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਸਨਮਾਨ



**ਤਰਨ ਤਾਰਨ/ਚੋਹਲਾ ਸਾਹਿਬ 21 ਫਰਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਸੰਗਤਾਂ ਦੇ ਸੱਦੇ ਤੇ ਅੱਜ ਤਰਨ ਤਾਰਨ ਸ਼ਹਿਰ ਪਹੁੰਚੇ, ਜਿੱਥੇ ਗੁ. ਭਾਈ ਕਰਮ ਸਿੰਘ ਹਾਲ ਦੀ ਸੰਗਤ ਵੱਲੋਂ ਚੱਲ ਰਹੇ ਗੁਰਮਤਿ ਸਮਾਗਮ ਵਿਚ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਸਨਮਾਨ ਕੀਤਾ ਗਿਆ । ਹੜ੍ਹਾਂ ਦੌਰਾਨ ਨਿਭਾਈਆਂ ਗਈਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸਮੂਹ ਪ੍ਰਬੰਧਕਾਂ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਜੈਕਾਰਿਆਂ ਦੀ ਗੂੰਜ ਵਿੱਚ ਸਵਾਗਤ ਕੀਤਾ ਗਿਆ ਅਤੇ ਸਨਮਾਨ ਚਿੰਨ ਵਜੋਂ ਇੱਕ ਯਾਦਗਾਰੀ ਤਸਵੀਰ ਭੇਟ ਕੀਤੀ ਗਈ। ਇਸ ਮੌਕੇ ਸੰਗਤ ਦੇ ਇਕੱਠ ਵਿਚ ਸ. ਦਵਿੰਦਰ ਸਿੰਘ, ਬਲਜਿੰਦਰ ਸਿੰਘ,ਦਿਲਬਾਗ ਸਿੰਘ, ਗੁਰਨਾਮ ਸਿੰਘ, ਕਵਲਜੀਤ ਸਿੰਘ ਠੱਟਾ, ਦਰਸ਼ਨ ਸਿੰਘ, ਭੁਪਿੰਦਰ ਸਿੰਘ ਅਤੇ ਹੋਰ ਕਈ ਮੁਹਤਬਰ ਵਿਅਕਤੀ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਸ. ਦਵਿੰਦਰ ਸਿੰਘ ਜੀ ਨੇ ਆਖਿਆ, " ਮਹਾਂਪੁਰਖ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਹੜ੍ਹਾਂ ਵਿਚ ਦੁਖੀ ਮਾਨਵਤਾ ਲਈ ਮਸੀਹਾ ਬਣ ਕੇ ਸੇਵਾਵਾਂ ਕੀਤੀਆਂ। ਟੁੱਟੇ ਦਰਿਆਵਾਂ ਨੂੰ ਬੰਨ ਮਾਰਨੇ ਇਨਾ ਮਹਾਂਪੁਰਖਾਂ ਦੇ ਹਿੱਸੇ ਹੀ ਆਏ ਹਨ। ਜਦੋਂ ਕਿਤੇ ਵੀ ਹੜ੍ਹਾਂ ਵਰਗੀ ਬਿਪਤਾ ਆਉਂਦੀ ਹੈ ਤਾਂ ਸੰਤ ਬਾਬਾ ਸੁੱਖਾ ਸਿੰਘ ਜੀ ਸਭ ਸਭ ਤੋਂ ਅੱਗੇ ਵੱਧ ਕੇ ਲੋਕਾਂ ਦੀ ਸਾਰ ਲੈਂਦੇ ਹਨ। ਇਹਨਾਂ ਉਹਨਾਂ ਜੇ ਕੁਦਰਤ ਵੱਲੋਂ ਮਾਨਵਤਾ ਨੂੰ ਐਸੇ ਔਖੇ ਸਮਿਆਂ ਵਿੱਚ ਮਾਨਵਤਾ ਦੀ ਭਲਾਈ ਲਈ ਸੇਵਾ ਕਰਨ ਹਿੱਤ ਪਰਮਾਤਮਾ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਵਰਗੀਆਂ ਮਹਾਨ ਪਰਉਪਕਾਰੀ ਸ਼ਖਸੀਅਤਾਂ ਦੀਆਂ ਡਿਊਟੀਆਂ ਲੱਗੀਆਂ ਹੁੰਦੀਆਂ ਹਨ। ਇਹਨਾਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਅਸੀਂ ਸਮੂਹ ਸੰਗਤ ਵੱਲੋਂ ਮਹਾਂਪੁਰਖਾਂ ਦਾ ਸਨਮਾਨ ਕਰ ਰਹੇ ਹਾਂ ਤਾਂ ਕਿ ਨਵੀਂ ਪੀੜ੍ਹੀ ਐਸੀਆਂ ਮਹਾਨ ਸ਼ਖਸੀਅਤਾਂ ਦੇ ਪਵਿੱਤਰ ਜੀਵਨ ਤੋਂ ਜਾਣੂ ਹੋ ਸਕੇ।"

# ਗੁਰਮਤਿ ਮਰਿਆਦਾ ਅਨੁਸਾਰ ਹੋਏ ਅਨੰਦ ਕਾਰਜ ਮੌਕੇ ਸੰਤ ਬਾਬਾ ਸੁੱਖਾ ਸਿੰਘ ਜੀ ਪੱਲਾ ਫੜਾਉਣ ਦੀ ਰਸਮ ਅਦਾ ਕੀਤੀ



**ਤਰਨ ਤਾਰਨ/ਚੋਹਲਾ ਸਾਹਿਬ 21 ਫਰਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਗੁਰਦੁਆਰਾ ਸਿੰਘ ਸਾਹਿਬ ਬਾਬਾ ਰਾਮ ਸਿੰਘ ਜੀ ਸਰਹਾਲੀ ਸਾਹਿਬ ਵਿਖੇ ਘਰਿਆਲਾ ਨਿਵਾਸੀ ਸਰਦਾਰ ਤਰਸੇਮ ਸਿੰਘ ਦੀ ਸਪੁੱਤਰੀ ਬੀਬੀ ਜਗਰੂਪ ਕੌਰ ਦਾ ਆਨੰਦ ਕਾਰਜ ਗੁਰਮਤਿ ਮਰਿਆਦਾ ਅਨੁਸਾਰ ਲੁਧਿਆਣਾ ਨਿਵਾਸੀ ਗੁਰਸੇਵਕ ਸਿੰਘ ਦੇ ਸਪੁੱਤਰ ਪ੍ਰਭਦੀਪ ਸਿੰਘ ਨਾਲ ਹੋਇਆ, ਇਸ ਮੌਕੇ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਸੁਭਾਗੀ ਜੋੜੀ ਨੂੰ ਅਸ਼ੀਰਵਾਦ ਦੇਣ ਲਈ ਪਹੁੰਚੇ। ਬਾਬਾ ਜੀ ਵੱਲੋਂ ਲੜਕੀ ਦਾ ਪੱਲਾ ਫੜਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਸਮੂਹ ਪਰਿਵਾਰ ਵੱਲੋਂ ਬਾਬਾ ਜੀ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਅੰਗਰੇਜ਼ ਸਿੰਘ ਸਰਪੰਚ ( ਗ੍ਰਾਮ ਪੰਚਾਇਤ ਘਰਿਆਲਾ) ਨੀ ਬੋਲਦਿਆਂ ਆਖਿਆ ਕਿ ਅੱਜ ਅਸੀਂ ਵੱਡੇ ਭਾਗਾਂ ਵਾਲੇ ਹਾਂ ਕਿ ਮਹਾਂਪੁਰਖ ਸੰਤ ਬਾਬਾ ਸੁੱਖਾ ਸਿੰਘ ਜੀ ਇਸ ਅਨੰਦ ਕਾਰਜ ਵਿੱਚ ਜੋੜੀ ਨੂੰ ਅਸ਼ੀਰਵਾਦ ਦੇਣ ਲਈ ਪਹੁੰਚੇ ਹਨ। ਬਾਬਾ ਜੀ ਵੱਲੋਂ ਹੜ੍ਹਾਂ ਮੌਕੇ ਬਹੁਤ ਵੱਡੀਆਂ ਸੇਵਾਵਾਂ ਨਿਭਾਈਆਂ ਗਈਆਂ ਅਤੇ ਬਿਪਤਾ ਵਿੱਚ ਫਸੇ ਲੋਕਾਂ ਲਈ ਸਭ ਤੋਂ ਅੱਗੇ ਵੱਧ ਕੇ ਦਿਨ ਰਾਤ ਹੱਥੀ ਸੇਵਾ ਕੀਤੀ। ਅਸੀਂ ਸਮੂਹ ਪਰਿਵਾਰ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਨੂੰ ਸਨਮਾਨ ਵਜੋਂ ਇੱਕ ਯਾਦਗਾਰੀ ਤਸਵੀਰ ਭੇਟ ਕਰਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।" ਇਸ ਮੌਕੇ ਤਰਸੇਮ ਸਿੰਘ ਘਰਿਆਲਾ ਅੰਗਰੇਜ਼ ਸਿੰਘ ਸਰਪੰਚ ਘਰਿਆਲਾ ਬਖਸ਼ੀਸ਼ ਸਿੰਘ ਭੱਠੇ ਵਾਲੇ, ਬਲਵਿੰਦਰ ਸਿੰਘ ਸਰਪੰਚ ਕਲਸੀ, ਜੋਗਿੰਦਰ ਸਿੰਘ ਸਰਪੰਚ, ਦਿਲਰਾਜ ਸਿੰਘ( ਸਾਬਕਾ ਚੇਅਰਮੈਨ ਚੰਬਲ), ਹਰਜੀਤ ਸਿੰਘ, ਨਿਰਵੈਰ ਸਿੰਘ ਹਾਂਗਕਾਂਗ, ਕੁਲਵੰਤ ਸਿੰਘ ਸਰਹਾਲੀ ਕਲਾਂ ਗੁਰਦਿਆਲ ਸਿੰਘ ਐਸਐਚ ਓ ਗੁਰਦੇਵ ਸਿੰਘ ਕਨੇਡਾ ਵਾਲੇ ਅਤੇ ਹੋਰ ਕਈ ਪਤਵੰਤੇ ਹਾਜ਼ਰ ਸਨ।

# ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਪੰਜਾਬ ਵੱਲੋਂ ਟੈਟ ਦੀ ਸ਼ਰਤ ਖਤਮ ਕਰਨ ਲਈ ਕੇਂਦਰੀ ਸਿੱਖਿਆ ਮੰਤਰੀ ਨੂੰ ਭੇਜਿਆ ਮੰਗ ਪੱਤਰ




**ਗੁਰਪ੍ਰੀਤ ਸਿੰਘ ਕੱਦ ਗਿੱਲ |**
**ਤਰਨਤਾਰਨ 21 ਫਰਵਰੀ**

>ਮਾਸਟਰ ਕੇਡਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਭੁੱਲਰ, ਐਲੀਮੈਂਟਰੀ ਟੀਚਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਬੱਬੂ, ਲੈਕਚਰਾਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਢਿੱਲੋਂ ਸੁੱਖਵਿੰਦਰ ਸਿੰਘ ਧਾਮੀ, ਰਣਜੀਤ ਸਿੰਘ ਮਲੀਆ ਦੀ ਸਾਂਝੀ ਅਗਵਾਈ ਵਿੱਚ ਟੈਟ ਦੇ ਵਿਰੋਧ ਵਿੱਚ ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਦੇ ਬੈਨਰ ਹੇਠ ਤਰਨ ਤਾਰਨ ਵਿਖੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੂੰ 2011 ਤੋਂ ਪਹਿਲਾਂ ਭਰਤੀ ਹੋਏ ਅਧਿਆਪਕਾਂ ਤੇ ਸੁਪਰੀਮ ਕੋਰਟ ਵੱਲੋਂ ਲਗਾਈ ਗਈ ਲਾਜ਼ਮੀ ਟੈੱਟ ਪਾਸ ਦੀ ਸ਼ਰਤ ਦੇ ਵਿਰੋਧ ਵਿੱਚ ਮੰਗ ਪੱਤਰ ਕੇਂਦਰੀ ਸਿੱਖਿਆ ਮੰਤਰੀ ਭਾਰਤ ਸਰਕਾਰ ਤੱਕ ਪੁੱਜਦਾ ਕਰਨ ਲਈ ਮੰਗ ਪੱਤਰ ਸੌਂਪਿਆ ਗਿਆ। ਜਿਸ ਵਿੱਚ ਜਥੇਬੰਦੀ ਦੇ ਆਗੂਆਂ ਨੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨੂੰ ਜਾਣੂ ਕਰਵਾਇਆ ਕੇ ਸੁਪਰੀਮ ਕੋਰਟ ਵੱਲੋਂ 2011 ਤੋਂ ਪਹਿਲਾਂ ਭਰਤੀ ਹੋਏ ਅਧਿਆਪਕਾਂ ਦਾ ਪੱਖ ਸੁਣੇ ਤੋਂ ਬਗੈਰ ਉਨ੍ਹਾਂ ਖਿਲਾਫ ਤਰੱਕੀਆਂ ਵਿੱਚ ਅਤੇ ਨੌਕਰੀ ਵਿੱਚ ਰਹਿਣ ਵਾਸਤੇ ਟੈੱਟ ਪਾਸ ਕਰਨ ਦੀ ਬੇਲੋੜੀ ਸ਼ਰਤ ਲਗਾ ਕੇ ਸਾਰੇ ਅਧਿਆਪਕ ਵਰਗ ਨੂੰ ਮਾਨਸਿਕ ਪਰੇਸ਼ਾਨੀ ਵਿੱਚ ਪਾ ਦਿੱਤਾ ਹੈ। ਅਧਿਆਪਕਾਂ ਵੱਲੋਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨੂੰ ਅਪੀਲ ਕੀਤੀ ਹੈ ਕਿ ਇਸ ਮੰਗ ਪੱਤਰ ਰਾਹੀਂ ਕੇਂਦਰੀ ਸਿੱਖਿਆ ਮੰਤਰੀ ਭਾਰਤ ਸਰਕਾਰ ਨੂੰ ਇਸ ਮਸਲੇ ਦਾ ਹੱਲ ਕੱਢਣ ਵਾਸਤੇ ਅਤੇ 2011 ਤੋਂ ਪਹਿਲਾਂ ਭਰਤੀ ਹੋਏ ਅਧਿਆਪਕਾਂ ਨੂੰ ਰਾਹਤ ਦੇਣ ਵਾਸਤੇ ਅਧਿਆਪਕਾਂ ਦੇ ਹੱਕ ਵਿੱਚ ਪਾਰਲੀਮੈਂਟ ਵਿੱਚ ਇੱਕ ਆਰਡੀਨੈਂਸ ਜਾਰੀ ਕਰਕੇ ਅਧਿਆਪਕਾਂ ਨੂੰ ਰਾਹਤ ਦਿੱਤੀ ਜਾਵੇ। ਇਸ ਮੌਕੇ ਪ੍ਰਤੀਨਿਧੀ ਮੰਡਲ ਵਿੱਚੋਂ ਰਸ਼ਪਾਲ ਸਿੰਘ, ਦਿਲਬਾਗ ਸਿੰਘ,ਜੁਗਰਾਜ ਸਿੰਘ, ਸੰਦੀਪ ਸਿੰਘ, ਰਾਜਪਾਲ ਸਿੰਘ,ਰਾਜਨ ਕੁਮਾਰ,ਸਤਪਾਲ ਸਿੰਘ ਗੁਰਲਵਦੀਪ ਸਿੰਘ,ਮਨਜੀਤ ਪਾਰਸ, ਜਸਕਰਨ ਸੰਧੂ, ਪ੍ਰਸ਼ੋਤਮ ਸਿੰਘ, ਆਦਿ ਅਧਿਆਪਕ ਸ਼ਾਮਿਲ ਸਨ।

# ਅੰਮ੍ਰਿਤਸਰ ਤੇ ਤਰਨ ਤਾਰਨ ਜ਼ਿਲ੍ਹੇ ਦੀ ਹੱਦ ਤੇ ਵੱਸੇ,ਕਪੂਰਥਲਾ ਜ਼ਿਲੇ ਦੇ ਬਲਾਕ ਢਿਲਵਾਂ ਅਧੀਨ ਪੈਂਦੇ ਪਿੰਡ ਫਤਿਹਪੁਰ ਦੀ ਹੜ੍ਹ ਪ੍ਰਭਾਵਤ ਜ਼ਮੀਨ ਸੰਵਾਰਨ ਲਈ ਸੰਤ ਬਾਬਾ ਸੁੱਖਾ ਸਿੰਘ ਜੀ ਵੱਲੋਂ ਕਾਰ ਸੇਵਾ ਆਰੰਭ



**ਚੋਹਲਾ ਸਾਹਿਬ 22 ਫਰਵਰੀ (ਸਨਦੀਪ ਸਿੱਧੂ, ਪਰਮਿੰਦਰ ਚੋਹਲਾ) |**

ਸਾਲ 2025 ਦੇ ਹੜ੍ਹਾਂ ਦੇ ਬਹੁਤ ਜ਼ਖਮ ਅਜੇ ਅੱਲੇ ਹਨ। ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਹੜ ਪੀੜ੍ਹਤਾਂ ਦੇ ਜਖਮਾਂ ਤੇ ਮਲਮ ਲਾਉਣ ਦਾ ਕਾਰਜ ਲਗਾਤਾਰ ਜਾਰੀ ਹੈ। ਅੱਜ ਅੰਮ੍ਰਿਤਸਰ ਤੇ ਤਰਨ ਤਾਰਨ ਜ਼ਿਲ੍ਹੇ ਦੀ ਹੱਦ ਤੇ ਵੱਸੇ, ਕਪੂਰਥਲਾ ਜ਼ਿਲੇ ਦੇ ਬਲਾਕ ਢਿਲਵਾਂ ਅਧੀਨ ਪੈਂਦੇ ਪਿੰਡ ਫਤਿਹਪੁਰ ਦੀ ਸਮੂਹ ਗ੍ਰਾਮ ਪੰਚਾਇਤ ਵੱਲੋਂ ਕੁਝ ਗਰੀਬ ਕਿਸਾਨਾਂ ਦੇ ਹੱਕ ਵਿੱਚ ਇੱਕ ਮਤਾ ਪਾਸ ਕੀਤਾ ਗਿਆ, ਜਿਨਾਂ ਦੀ ਲਗਭਗ 20 ਏਕੜ ਜਮੀਨ ਹੜਾਂ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਤੇ ਖੇਤੀ ਯੋਗ ਨਹੀਂ ਰਹੀ। ਇਸ ਜ਼ਮੀਨ ਵਿੱਚ 15 ਤੋਂ 20 ਫੁੱਟ ਤੱਕ ਰੇਤ ਭਰੀ ਹੋਈ ਹੈ। ਸੰਪਰਦਾਇ ਦੇ ਹੈਡ ਕੁਆਰਟਰ ਡੇਰਾ ਤਪੋਬਨ ਸਾਹਿਬ (ਨਵਾਂ ਪੜਾਅ ) ਪਹੁੰਚ ਕੇ ਗਰੀਬ ਕਿਸਾਨਾਂ ਦੀ ਜਮੀਨ ਸੰਵਾਰਨ ਹਿੱਤ ਸਮੂਹ ਗ੍ਰਾਮ ਪੰਚਾਇਤ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਨੂੰ ਬੇਨਤੀ ਕੀਤੀ ਗਈ। ਮਹਾਂਪੁਰਖਾਂ ਨੇ ਪੰਚਾਇਤ ਦੀ ਇਹ ਬੇਨਤੀ ਪ੍ਰਵਾਨ ਕੀਤੀ ਅਤੇ ਹੜ੍ਹ ਪ੍ਰਭਾਵਿਤ ਜਮੀਨ ਨੂੰ ਸੰਵਾਰਨ ਲਈ ਸੇਵਾ ਆਰੰਭ ਕਰ ਦਿੱਤੀ ਗਈ। ਇਸ ਮੌਕੇ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਆਖਿਆ, " ਕਿਸੇ ਵੀ ਕੁਦਰਤੀ ਆਫਤ ਕਾਰਨ ਨੁਕਸਾਨੇ ਗਏ ਗਰੀਬ ਤੇ ਲੋੜਵੰਦਾਂ ਦੀ ਸਹਾਇਤਾ ਲਈ ਸੰਪਰਦਾਇ ਸਦਾ ਹਾਜ਼ਰ ਹੈ। ਜੇਕਰ ਸਮੇਂ ਸਿਰ ਪਤਾ ਚੱਲ ਜਾਂਦਾ ਤਾਂ ਕਣਕ ਬੀਜਣ ਤੋਂ ਪਹਿਲਾਂ ਹੀ ਇਹਨਾਂ ਕਿਸਾਨਾਂ ਦੀ ਜ਼ਮੀਨ ਵੀ ਸੰਵਾਰ ਜਾ ਸਕਦੀ ਸੀ, ਜਿਵੇਂ ਘੜ੍ਹਕਾ, ਕਰਮੂਵਾਲਾ, ਧੁੰਨ, ਸਭਰਾ, ਕੋਟ ਬੁੱਢਾ, ਬਾਊਪੁਰ ਅਤੇ ਹੋਰ ਕਈ ਇਲਾਕਿਆਂ ਦੀਆਂ ਸੈਂਕੜੇ ਜਮੀਨਾਂ ਸਵਾਰੀਆਂ ਅਤੇ ਕਣਕ ਬੀਜ ਖਾਦ ਦੇ ਕੇ ਕਿਸਾਨਾਂ ਨੂੰ ਮੁੜ ਪੈਰਾਂ ਸਿਰ ਕਰਨ ਦਾ ਯਤਨ ਕੀਤਾ। " ਸਮੂਹ ਨਗਰ ਨਿਵਾਸੀ ਸੰਗਤ ਅਤੇ ਗ੍ਰਾਮ ਪੰਚਾਇਤ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਹਾਜ਼ਰ ਮੁਹਤਬਰਾਂ ਵਿੱਚ ਸਰਪੰਚ ਮਨਪ੍ਰੀਤ ਸਿੰਘ (ਗ੍ਰਾਮ ਪੰਚਾਇਤ ਫਤਿਹਪੁਰ), ਸਰਪੰਚ ਕੁਲਦੀਪ ਸਿੰਘ, ਪੰਚ ਲਵਜੀਤ ਸਿੰਘ, ਪੰਚ ਸੁਖਜੀਤ ਕੌਰ, ਪੰਚ ਕੁਲਦੀਪ ਸਿੰਘ, ਪੰਚ ਕੁਲਦੀਪ ਕੌਰ, ਸਰਪੰਚ ਯੁੱਧਵੀਰ ਸਿੰਘ ਗ੍ਰਾਮ ਪੰਚਾਇਤ ਸੰਗੋਜਲਾ, ਤਰਸੇਮ ਸਿੰਘ ਮਹਿੰਦਰ ਸਿੰਘ ਜਸਪਾਲ ਸਿੰਘ ਅਜੈਬ ਸਿੰਘ, ਪਰਮਜੀਤ ਸਿੰਘ, ਭਜਨ ਸਿੰਘ, ਜਸਵੀਰ ਸਿੰਘ, ਪ੍ਰਗਟ ਸਿੰਘ ਰੋਸ਼ਨ ਸਿੰਘ, ਦਲਜੀਤ ਸਿੰਘ, ਗੱਜਣ ਸਿੰਘ, ਲਖਬੀਰ ਸਿੰਘ, ਜੱਗਾ ਸਿੰਘ, ਕੁਲਵਿੰਦਰ ਸਿੰਘ, ਨੰਬਰਦਾਰ ਪ੍ਰੀਤਮ ਸਿੰਘ, ਕਰਮਜੀਤ ਸਿੰਘ ਅਤੇ ਹੋਰ ਕਈ ਮੁਹਤਬਰ ਸੱਜਣ ਹਾਜ਼ਰ ਸਨ।

# ਕੱਦ ਗਿੱਲ ਦੇ ਗੁਰੂਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸਜਾਇਆ ਵਿਸ਼ਾਲ ਨਗਰ



**ਗੁਰਪ੍ਰੀਤ ਸਿੰਘ ਕੱਦ ਗਿੱਲ |**
**ਤਰਨਤਾਰਨ 21 ਫਰਵਰੀ**

ਪੰਜਵੀਂ ਪਾਤਸ਼ਾਹੀ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਪਿੰਡ ਕੱਦ ਗਿੱਲ ਦੇ ਇਤਿਹਾਸਿਕ ਗੁਰਦੁਆਰਾ ਪਾਤਸ਼ਾਹੀ ਪੰਜਵੀਂ ਵਿਖੇ ਸ਼੍ਰੋਮਣੀ ਸੇਵਾ ਰਤਨ ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਬੁੱਢਾ ਦਲ ਪੰਜਵਾਂ ਤਖਤ ਦੀ ਸਰਪ੍ਰਸਤੀ ਹੇਠ ਪਿੰਡ ਕੱਦ ਗਿੱਲ ਵਿਖੇ ਸਲਾਨਾ ਜੋੜ ਮੇਲਾ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।ਮੇਲੇ ਸਬੰਧੀ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਮੱਧ ਦੇ ਭੋਗ ਪੈਣ ਉਪਰੰਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਨੂੰ ਸਜਾਇਆ ਗਿਆ। ਨਗਰ ਕੀਰਤਨ ਇਸ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਪਿੰਡ ਮਲੀਆ ਅਤੇ ਕੱਦ ਗਿੱਲ ਦੇ ਵੱਖ-ਵੱਖ ਪੜਾਵਾਂ ਤੇ ਹੁੰਦਾ ਹੋਇਆ ਦੇਰ ਸ਼ਾਮ ਇਸੇ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਇਆ। ਇਸ ਮੌਕੇ ਵੱਖ-ਵੱਖ ਪੜਾਵਾਂ ਤੇ ਭਾਈ ਗੁਰਚਰਨ ਸਿੰਘ ਚੰਨ ਦੇ ਕਵੀਸ਼ਰੀ ਜਥੇ ਅਤੇ ਭਾਈ ਨਿਸ਼ਾਨ ਸਿੰਘ ਝਬਾਲ ਦੇ ਜਥੇ ਨੇ ਗੁਰੂ ਜਸ ਸੁਣਾ ਕੇ ਨਿਹਾਲ ਕੀਤਾ।ਨਗਰ ਕੀਰਤਨ ਦਾ ਸ਼ਰਧਾਲੂਆਂ ਸੰਗਤ ਵੱਲੋਂ ਵੱਖ-ਵੱਖ ਥਾਵਾਂ ਤੇ ਤਰ੍ਹਾਂ ਤਰ੍ਹਾਂ ਦੇ ਪਕਵਾਨਾਂ ਦੇ ਲੰਗਰ ਲਗਾਏ ਗਏ ਤੇ ਫੁੱਲਾਂ ਦੀ ਵਰਖਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਜਾਈ ਸੁੰਦਰ ਪਾਲਕੀ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਗੁਰਦੁਆਰਾ ਦੇ ਮੁੱਖ ਪ੍ਰਬੰਧਕ ਬਾਬਾ ਬਲਦੇਵ ਸਿੰਘ ਢੋਡੀਵਿੰਡ ਨੇ ਦੱਸਿਆ ਕਿ ਮੇਲੇ ਤੇ 8 ਸ੍ਰੀ ਅਖੰਡ ਪਾਠ ਸਾਹਿਬ ਚੱਲ ਰਹੇ ਹਨ। ਜਿਨਾਂ 22 ਫਰਵਰੀ ਨੂੰ ਖੁੱਲੇ ਭੰਡਾਲ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਵੇਗਾ। ਉਪਰੰਤ ਕੌਮ ਦੇ ਮਹਾਨ ਕਵੀਸ਼ਰ ਭਗਵੰਤ ਸਿੰਘ ਸੂਰਵਿੰਡ ਕਵੀਸ਼ਰ ਸੁਰਿੰਦਰਪਾਲ ਬੈਂਕਾਂ, ਅਤੇ ਭਾਈ ਗੁਰਚਰਨ ਸਿੰਘ ਚੰਨ ਦੇ ਜਥਿਆਂ ਵੱਲੋਂ ਗੁਰੂ ਜਸ ਸੁਣਾ ਕੇ ਨਿਹਾਲ ਕੀਤਾ ਜਾਵੇਗਾ। ਇਸ ਮੌਕੇ ਸੰਤ ਬਾਬਾ ਪ੍ਰਦੀਪ ਸਿੰਘ ਜੀ ਬੋਰੇ ਵਾਲੇ ਬੰਧਨੀ ਕਲਾ ਅਤੇ ਪੰਥ ਪ੍ਰਸਿੱਧ ਰਾਗੀ ਢਾਡੀ ਜਥੇ ਤੋਂ ਇਲਾਵਾ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸੰਤ ਮਹਾਂਪੁਰਸ਼ ਜਥੇਦਾਰ ਅਤੇ ਛਾਉਣੀਆਂ ਦੇ ਮਹੰਤ ਵੀ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ। ਸ਼ਾਮ ਵੇਲੇ ਬਾਬਾ ਸ਼ਹੀਦ ਸਪੋਰਟਸ ਕਲੱਬ ਕੋਟ ਬੁੱਢਾ ਅਤੇ ਸ਼ਾਮ ਸਿੰਘ ਅਟਾਰੀ ਸਪੋਰਟਸ ਕਲੱਬ ਫਿਰੋਜ਼ਪੁਰ ਦੀਆਂ ਟੀਮਾਂ ਦਰਮਿਆਨ ਕਬੱਡੀ ਦਾ ਮੈਚ ਹੋਵੇਗਾ। ਨਿਹੰਗ ਸਿੰਘ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਲੋਂ ਪੁਰਾਤਨ ਇਤਿਹਾਸ ਮੁਤਾਬਕ ਗਤਕੇ ਦੇ ਜੌਹਰ ਵਿਖਾਏ ਜਾਣਗੇ।ਜੇਤੂ ਟੀਮਾਂ ਨੂੰ ਸ਼੍ਰੋਮਣੀ ਸੇਵਾ ਰਤਨ ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਬੁੱਢਾ ਦਲ ਪੰਜਵਾਂ ਤਖਤ ਵੱਲੋਂ ਆਪਣੇ ਕਰ ਕਮਲਾ ਨਾਲ ਇਨਾਮ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕੇ ਇਸ ਦਿਨ ਨਿਹੰਗ ਸਿੰਘਾਂ ਦੇ ਲਾਇਸੰਸ ਬਣਾਏ ਅਤੇ ਰੀਨਿਊ ਵੀ ਕੀਤੇ ਜਾਣਗੇ। ਸਾਰਾ ਦਿਨ ਗੁਰੂ ਦੇ ਲੰਗਰ ਵਰਤੇਗਾ ਤੋਂ ਇਲਾਵਾ ਬਾਬਾ ਮੋਤੀ ਰਾਮ ਜੀ ਸਭਾ ਵੱਲੋਂ ਦੁੱਧ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਵਿਦਾਇਗੀ ਪਾਰਟੀ ਮੌਕੇ ਰੰਗਾਰੰਗ ਪ੍ਰੋਗਰਾਮ ਆਯੋਜਿਤ




**ਪਟਿਆਲਾ (ਚਮਨ ਸ਼ਰਮਾ ) |**

ਸਰਕਾਰੀ ਹਾਈ ਸਕੂਲ ਖੇੜੀ ਮੁਸਲਮਾਨੀਆਂ (ਪਟਿਆਲਾ—3) ਵਿਖੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਦੇ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਸਕੂਲ ਮੁਖੀ ਸ਼ੈਲੀ ਸ਼ਰਮਾ ਦੀ ਨਿਗਰਾਨੀ ਹੇਠ ਹੋਇਆ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਰੰਗਾਰੰਗ ਪ੍ਰੋਗਰਾਮ ਵਿੱਚ ਰਾਸ਼ੀ, ਸੰਜਨਾ, ਗੁਰਨੂਰ ਕੌਰ, ਅਰਸ਼ਦੀਪ ਸਿੰਘ, ਨਜ਼ਮਾ, ਹਸਨਪ੍ਰੀਤ ਕੌਰ, ਜ਼ਸਮੀਤ ਕੌਰ, ਪ੍ਰਭਜੋਤ ਸਿੰਘ, ਨਰਿੰਦਰ ਕੌਰ, ਕਿਰਨਦੀਪ ਕੌਰ, ਇਸ਼ਮੀਤ ਸਿੰਘ ਆਦਿ ਵਿਦਿਆਰਥੀਆਂ ਨੇ ਆਪਣੀ ਅਦਾਕਾਰੀ ਦੇ ਜ਼ੌਹਰ ਦਿਖਾਏ। ਮੰਨੋਰੰਜਨ ਵਾਲੀਆਂ ਖੇਡਾਂ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸਮੂਲੀਅਤ ਕੀਤੀ। ਸਕੂਲ ਮੁਖੀ ਸ਼ੈਲੀ ਸ਼ਰਮਾ ਨੇ ਸੰਬੋਧਨ ਕਰਦੇ ਹੋਏ ਵਿਦਿਆਰਥੀਆਂ ਨੂੰ ਦਸਵੀਂ ਦੇ ਸਲਾਨਾ ਪੇਪਰਾਂ ਦੇ ਲਈ ਸ਼ੁੱਭਕਾਮਨਾਵਾਂ ਦਿੰਦੇ ਹੋਏ ਆਪਣੀ ਅਗਲੇਰੀ ਪੜ੍ਹਾਈ ਦੇ ਉੱਪਰ ਧਿਆਨ ਕੇਂਦਰਿਤ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਵਿਦਿਆਰਥੀਆਂ ਨੂੰ ਵਿਸ਼ਿਆਂ ਦੀ ਸਹੀ ਚੋਣ, ਸਿੱਖਣ ਸਮੱਗਰੀ, ਅਤੇ ਹੋਰ ਕਿਸੇ ਕਿਸਮ ਦੀ ਅਗਵਾਈ ਲੈਣ ਲਈ ਅਧਿਆਪਕਾਂ ਨਾਲ ਸੰਪਰਕ ਬਣਾਏ ਰੱਖਣ ਦਾ ਸੁਝਾਅ ਪੇਸ਼ ਕੀਤਾ। ਇਸ ਮੌਕੇ ਤੇ ਡਾ ਹਰਜਿੰਦਰਜੀਤ ਸਿੰਘ ਸੇਵਾ ਮੁਕਤ ਹੈੱਡ ਮਾਸਟਰ, ਸਹਸ ਨਮਾਦਾਂ (ਪਟਿਆਲਾ), ਚਮਨ ਸ਼ਰਮਾ ਐੱਸ ਐੱਸ ਮਾਸਟਰ, ਮਨਦੀਪ ਕੌਰ ਸਾਇੰਸ ਅਧਿਆਪਕਾ ਅਤੇ ਦਵਿੰਦਰ ਸਿੰਘ ਆਦਿ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ। ਵਿਦਾਇਗੀ ਪਾਰਟੀ ਦੇ ਆਯੋਜਨ ਵਿੱਚ ਪਵਨਦੀਪ ਕੌਰ ਅਤੇ ਕੋਨਿਕ ਗੁਪਤਾ ਦੀ ਖਾਸ ਭੂਮਿਕਾ ਰਹੀ।ਇਸ ਮੌਕੇ ਸੰਜੀਵ ਕੁਮਾਰ, ਬਿਕਰਮਜੀਤ ਸਿੰਘ, ਪਰਮਜੀਤ ਸਿੰਘ ਅਦੇ ਹਰਪਾਲ ਕੌਰ ਅਧਿਆਪਕਾ ਹਾਜ਼ਰ ਸਨ।